HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date-3.04.24

www.hsnnews.in | PUNPUN/2024/86289 | President:-Sam dhillion | Email:info@hsnnews.in

Vol.11 | Apr-2024 | Published in Canada | Pages 8

## ਕੈਨੇਡਾ ਸਰਕਾਰ ਨੇ ਦਿੱਤਾ ਵੱਡਾ ਝਟਕਾ, ਇਮੀਗ੍ਰੇਸ਼ਨ ਫੀਸ 'ਚ ਕੀਤਾ ਵਾਧਾ

ਕੈਨੇਡਾ ਸਰਕਾਰ ਨੇ ਪ੍ਰਵਾਸੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਕੈਨੇਡਾ ਦੇ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ (IRCC) ਵਿਭਾਗ ਨੇ ਸਥਾਈ ਨਿਵਾਸ ਅਰਜ਼ੀਆਂ ਲਈ ਦੇਸ਼ ਦੀ ਇਮੀਗ੍ਰੇਸ਼ਨ ਫੀਸ ਵਿੱਚ ਔਸਤਨ 12 ਪ੍ਰਤੀਸ਼ਤ ਵਾਧੇ ਦਾ ਐਲਾਨ ਕੀਤਾ ਹੈ। ਇਹ ਨਿਯਮ 30 ਅਪ੍ਰੈਲ ਤੋਂ ਲਾਗੂ ਹੋਣਗੇ। ਇੱਥੇ ਦੱਸ ਦਈਏ ਕਿ IRCC ਹਰ ਦੋ ਸਾਲਾਂ ਵਿੱਚ ਖਰਚਿਆਂ ਨੂੰ ਸੋਧਦਾ ਹੈ ਅਤੇ ਆਖਰੀ ਵਾਧਾ ਅਪ੍ਰੈਲ, 2022 ਵਿੱਚ ਕੀਤਾ ਗਿਆ ਸੀ। ਹਾਲਾਂਕਿ ਇਹ ਮਾਮੂਲੀ ਤਿੰਨ ਫੀਸਦੀ ਸੀ। ਨਵੀਆਂ ਦਰਾਂ ਅਨੁਸਾਰ ਦੇਸ਼ ਵਿੱਚ ਐਕਸਪ੍ਰੈਸ ਐਂਟਰੀ ਦੀ ਮੰਗ ਕਰਨ ਵਾਲਿਆਂ ਨੂੰ 950 ਡਾਲਰ ਦੀ ਫੀਸ ਤੋਂ ਇਲਾਵਾ ਸਥਾਈ ਨਿਵਾਸ ਫੀਸ ਦੇ ਅਧਿਕਾਰ ਵਜੋਂ 575 ਡਾਲਰ ਦਾ ਭੁਗਤਾਨ ਵੀ ਕਰਨਾ ਹੋਵੇਗਾ। ਨਵੇਂ ਹੁਕਮਾਂ ਅਨੁਸਾਰ ਨਿਰਭਰ ਵਿਦਿਆਰਥੀਆਂ ਅਤੇ ਆਸ਼ਰਿਤ ਵਿਅਕਤੀਆਂ ਨੂੰ ਛੱਡ ਕੇ ਸਾਰੇ ਸਥਾਈ ਨਿਵਾਸ ਬਿਨੈਕਾਰਾਂ ਨੂੰ ਸਥਾਈ ਨਿਵਾਸ ਫੀਸ ਦਾ ਭੁਗਤਾਨ ਕਰਨ ਤੋਂ ਛੋਟ ਦਿੱਤੀ ਗਈ ਹੈ। ਇਸੇ ਤਰ੍ਹਾਂ ਮਾਨਵਤਾਵਾਦੀ ਤੇ ਹਮਦਰਦੀ ਅਤੇ 'ਜਨਤਕ ਨੀਤੀ' ਸ਼੍ਰੇਣੀਆਂ ਦੇ ਪ੍ਰਮੁੱਖ ਬਿਨੈਕਾਰਾਂ ਨੂੰ ਕੁਝ ਸ਼ਰਤਾਂ ਦੇ ਅਧੀਨ ਸਥਾਈ ਨਿਵਾਸ ਫੀਸ ਦਾ ਭੁਗਤਾਨ ਕਰਨ ਤੋਂ ਬਾਹਰ ਰੱਖਿਆ ਗਿਆ ਹੈ। ਪਰਮਿਟ ਧਾਰਕ ਸ਼੍ਰੇਣੀ ਵਿੱਚ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਦੀਆਂ ਸਥਾਈ ਨਿਵਾਸ ਅਰਜ਼ੀਆਂ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿਅਕਤੀਆਂ ਨੂੰ ਆਪਣੀਆਂ ਅਰਜ਼ੀਆਂ ਮੁੱਖ ਬਿਨੈਕਾਰਾਂ ਵਜੋਂ ਜਮ੍ਹਾਂ ਕਰਾਉਣੀਆਂ ਪੈਣਗੀਆਂ।



## ਫੈਡਰਲ ਸਰਕਾਰ ਨੂੰ ਕਾਰਬਨ ਟੈਕਸ ਹਟਾਉਣਾ ਹੋਵੇਗਾ ਜਾਂ ਟਰੂਡੋ ਦੀ ਹੋਵੇਗੀ ਛੁੱਟੀ : ਫੋਰਡ

ਫੈਡਰਲ ਸਰਕਾਰ ਦੇ ਕਾਰਬਨ ਟੈਕਸ ਦੀ ਨੁਕਤਾਚੀਨੀ ਕਰਦਿਆਂ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਜਾਂ ਤਾਂ ਸਰਕਾਰ ਨੂੰ ਇਹ ਟੈਕਸ ਹਟਾਉਣਾ ਹੋਵੇਗਾ ਤੇ ਜਾਂ ਫਿਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਇਸ ਵਾਰੀ ਛੁੱਟੀ ਹੋਵੇਗੀ। ਸੋਮਵਾਰ ਤੋਂ ਲਾਗੂ ਹੋਏ ਕਾਰਬਨ ਟੈਕਸ ਦੀ ਗੱਲ ਕਰਦਿਆਂ ਫੋਰਡ ਨੇ ਆਖਿਆ ਕਿ ਜੇ ਟਰੂਡੋ ਇਸ ਕਾਰਬਨ ਟੈਕਸ ਨੂੰ ਵਾਪਿਸ ਨਹੀਂ ਲੈਂਦੇ ਤਾਂ ਜਦੋਂ ਵੀ ਅਗਲੀਆਂ ਫੈਡਰਲ ਚੋਣਾਂ ਹੋਣਗੀਆਂ ਤਾਂ ਟਰੂਡੋ ਨੂੰ ਵੋਟਰਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਹੋਵੇਗਾ। ਈਸਟ ਗਵਿਲਿੰਬਰੀ ਵਿੱਚ ਕਾਨਫਰੰਸ ਦੌਰਾਨ ਫੋਰਡ ਨੇ ਆਖਿਆ ਕਿ ਜੇ ਟਰੂਡੋ ਨੇ ਓਨਟਾਰੀਓ ਦੇ ਲੋਕਾਂ ਤੇ ਕਾਰੋਬਾਰਾਂ ਵੱਲ ਧਿਆਨ ਦੇਣਾ ਸ਼ੁਰੂ ਨਾ ਕੀਤਾ ਤਾਂ ਉਹ ਗਾਰੰਟੀ ਦਿੰਦੇ ਹਨ ਕਿ ਅਗਲਾ ਪ੍ਰਧਾਨ ਮੰਤਰੀ ਕੋਈ ਹੋਰ ਚੁਣਿਆ ਜਾਵੇਗਾ। ਇਸ ਸਮੇਂ ਫੋਰਡ ਦੇ ਨਾਲ ਖੇਤੀਬਾੜੀ ਮੰਤਰੀ ਲੀਜ਼ਾ ਥਾਂਪਸਨ, ਸਮਾਲ ਬਿਜ਼ਨਸ ਮੰਤਰੀ ਨੀਨਾ ਟਾਂਗੜੀ ਅਤੇ ਓਨਟਾਰੀਓ ਫੈਡਰੇਸ਼ਨ ਆਫ ਐਗਰੀਕਲਚਰ ਐਂਡ ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸ ਦੇ ਆਲ੍ਹਾ ਦਰਜੇ ਦੇ ਮੈਂਬਰ ਹਾਜ਼ਰ ਸਨ। ਉਨ੍ਹਾਂ ਸਾਰਿਆਂ ਨੇ ਵਾਰੀ ਵਾਰੀ ਟਰੂਡੋ ਸਰਕਾਰ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਤੇ ਦੱਸਿਆ ਕਿ ਇਹ ਕਾਰਬਨ ਟੈਕਸ ਕਿਵੇਂ ਕਾਰੋਬਾਰਾਂ ਤੇ ਕੰਜ਼ਿਊਮਰਜ਼ ਉੱਤੇ ਅਸਰ ਪਾਵੇਗਾ।ਥਾਂਪਸਨ ਨੇ ਆਖਿਆ ਕਿ ਇਸ ਨਾਲ ਹੋਰ ਕੁੱਝ ਨਹੀਂ ਸਗੋਂ ਹਰ ਚੀਜ਼ ਦੀ ਕੀਮਤ ਵਿੱਚ ਵਾਧਾ ਹੋਵੇਗਾ ਤੇ ਇਸ ਵਿੱਚ ਫੂਡ ਉਤਪਾਦਨ ਵੀ ਸ਼ਾਮਲ ਹੈ। ਟਾਂਗੜੀ ਨੇ ਆਖਿਆ ਕਿ ਸੋਮਵਾਰ ਨੂੰ ਲਾਗੂ ਹੋਇਆ ਕਾਰਬਨ ਟੈਕਸ ਵਾਧਾ ਬਹੁਤ ਹੀ ਸ਼ਰਮਨਾਕ ਹੈ ਤੇ ਇਸ ਨਾਲ ਗੈਸ ਪੰਪਜ਼ ਤੋਂ ਇਲਾਵਾ ਹੋਰਨਾਂ ਸਾਰੀਆਂ ਥਾਂਵਾਂ ਉੱਤੇ ਵੀ ਮਹਿੰਗਾਈ ਦਾ ਸੇਕ ਮਹਿਸੂਸ ਕੀਤਾ ਜਾਵੇਗਾ।ਪ੍ਰੀਮੀਅਰ ਫੋਰਡ ਨੇ ਸਿਰਫ ਟਰੂਡੋ ਨੂੰ ਹੀ ਲੰਮੇਂ ਹੱਥੀਂ ਨਹੀਂ ਲਿਆ ਸਗੋਂ ਉਨ੍ਹਾਂ ਓਨਟਾਰੀਓ ਦੀ ਲਿਬਰਲ ਆਗੂ ਬੋਨੀ ਕ੍ਰੌਂਬੀ ਉੱਤੇ ਵਰ੍ਹਦਿਆਂ ਉਨ੍ਹਾਂ ਨੂੰ ਕਾਰਬਨ ਟੈਕਸ ਦੀ ਮਹਾਂਰਾਣੀ ਦੱਸਿਆ।




## ਟੋਰਾਂਟੋ 'ਚ ਔਰਤ 'ਤੇ ਹਮਲੇ ਦੇ ਦੋਸ਼ 'ਚ ਭਾਰਤੀ ਵਿਅਕਤੀ ਗ੍ਰਿਫ਼ਤਾਰ



ਟੋਰਾਂਟੋ ਪੁਲਸ ਨੇ ਪਿਛਲੇ ਸ਼ਨੀਵਾਰ ਨੂੰ ਡੌਨ ਮਿਲਜ਼ ਸਬਵੇਅ ਸਟੇਸ਼ਨ ਨੇੜੇ ਆਪਣੇ ਬੱਚਿਆਂ ਨਾਲ ਪੈਦਲ ਜਾ ਰਹੀ ਇਕ ਔਰਤ 'ਤੇ ਕਥਿਤ ਤੌਰ 'ਤੇ ਹਮਲਾ ਕਰਨ ਵਾਲੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਵਿਅਕਤੀ ਦੀ ਪਛਾਣ 43 ਸਾਲ ਦੇ ਸੁਰੇਸ਼ ਨਿਤਿਆਨੰਥਨ ਵਜੋਂ ਕੀਤੀ ਗਈ ਹੈ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਪੀੜਤਾ ਆਪਣੇ ਬੱਚਿਆਂ ਨਾਲ ਸ਼ਨੀਵਾਰ, 30 ਮਾਰਚ ਨੂੰ ਦੁਪਹਿਰ 12:30 ਵਜੇ ਸਟੇਸ਼ਨ ਦੇ ਨੇੜੇ ਪੈਦਲ ਜਾ ਰਹੀ ਸੀ, ਉਦੋਂ ਸੁਰੇਸ਼ ਨੇ ਪੀੜਤਾ ਦੇ ਬੱਚਿਆਂ ਪ੍ਰਤੀ ਟਿੱਪਣੀ ਕੀਤੀ, ਜਿਸ ਤੋਂ ਬਾਅਦ ਪੀੜਤਾ ਨੂੰ ਸ਼ੱਕੀ ਨੂੰ ਜਵਾਬ ਦੇਣਾ ਪਿਆ। ਪੁਲਸ ਮੁਤਾਬਕ ਜਦੋਂ ਔਰਤ ਨੇ ਸ਼ੱਕੀ ਨੂੰ ਜਵਾਬ ਦਿੱਤਾ ਤਾਂ ਉਹ ਹਿੰਸਕ ਹੋ ਗਿਆ ਅਤੇ ਉਸ ਨੂੰ ਲੱਤਾਂ ਮਾਰੀਆਂ ਅਤੇ ਕਿਸੇ ਚੀਜ਼ ਨਾਲ ਉਸ ਦੇ ਸਿਰ 'ਤੇ ਕਈ ਵਾਰ ਕੀਤੇ। ਇਸ ਕਾਰਨ ਪੀੜਤਾ ਦਾ ਫੋਨ ਡਿੱਗ ਗਿਆ ਅਤੇ ਉਹ ਟੁੱਟ ਗਿਆ।ਪੁਲਸ ਨੇ ਅੱਗੇ ਦੋਸ਼ ਲਗਾਇਆ ਕਿ ਸੁਰੇਸ਼ ਨੇ ਪੈਦਲ ਭੱਜਣ ਤੋਂ ਪਹਿਲਾਂ ਪੀੜਤਾ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ। ਟੋਰਾਂਟੋ ਪੁਲਸ ਨੇ 43 ਸਾਲਾ ਸੁਰੇਸ਼ ਨਿਤਿਯਾਨਥਨ 'ਤੇ ਹਥਿਆਰ ਨਾਲ ਹਮਲਾ ਕਰਨ, ਸਰੀਰਕ ਨੁਕਸਾਨ ਪਹੁੰਚਾਉਣ, ਧਮਕੀਆਂ/ਮੌਤ ਅਤੇ 5,000 ਡਾਲਰ ਤੋਂ ਵੱਧ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਗਿਆ ਹੈ। ਇਸ ਹਮਲੇ ਮਗਰੋਂ ਔਰਤ ਦਾ ਨੇੜਲੇ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ ਅਤੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਪੁਲਸ ਨੇ ਸਰਵੇਲੈਂਸ ਕੈਮਰੇ ਵਿਚ ਰਿਕਾਰਡ ਵੀਡੀਓ ਰਾਹੀਂ ਸ਼ੱਕੀ ਦੀਆਂ ਤਸਵੀਰਾਂ ਜਨਤਕ ਕਰਕੇ ਉਸ ਨੂੰ ਜਲਦ ਹੀ ਕਾਬੂ ਕਰ ਲਿਆ।

# ਸਾਬਕਾ PM ਮਨਮੋਹਨ ਸਿੰਘ ਦਾ ਰਾਜ ਸਭਾ ਕਾਰਜਕਾਲ ਖ਼ਤਮ, 33 ਸਾਲ ਬਾਅਦ ਹੋਏ ਸੇਵਾਮੁਕਤ



ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ 9 ਕੇਂਦਰੀ ਮੰਤਰੀਆਂ ਸਮੇਤ ਰਾਜ ਸਭਾ ਦੇ ਘੱਟੋ-ਘੱਟ 54 ਮੈਂਬਰਾਂ ਦਾ ਕਾਰਜਕਾਲ ਬੁੱਧਵਾਰ ਨੂੰ ਖਤਮ ਹੋ ਰਿਹਾ ਹੈ। ਇਨ੍ਹਾਂ 'ਚੋਂ ਕੁਝ ਰਾਜ ਸਭਾ 'ਚ ਵਾਪਸ ਨਹੀਂ ਆਉਣਗੇ। ਸਾਬਕਾ ਪ੍ਰਧਾਨ ਮੰਤਰੀ ਸਿੰਘ ਦੀ 33 ਸਾਲ ਦੀ ਸੰਸਦੀ ਪਾਰੀ ਬੁੱਧਵਾਰ ਨੂੰ ਖਤਮ ਹੋਵੇਗੀ। ਇਹ ਅਜਿਹੇ ਸਮੇਂ 'ਚ ਹੋ ਰਿਹਾ ਹੈ ਜਦੋਂ ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਪਹਿਲੀ ਵਾਰ ਰਾਜ ਸਭਾ 'ਚ ਪਹੁੰਚ ਰਹੀ ਹੈ। ਆਰਥਿਕ ਸੁਧਾਰਾਂ ਦੇ ਆਰਕੀਟੈਕਟ ਮੰਨੇ ਜਾਂਦੇ 91 ਸਾਲਾ ਸਿੰਘ ਅਕਤੂਬਰ 1991 ਵਿਚ ਪਹਿਲੀ ਵਾਰ ਰਾਜ ਸਭਾ ਦੇ ਮੈਂਬਰ ਬਣੇ। ਮਨਮੋਹਨ ਸਿੰਘ 1991 ਤੋਂ 1996 ਤੱਕ ਨਰਸਿਮਹਾ ਰਾਓ ਸਰਕਾਰ ਵਿਚ ਵਿੱਤ ਮੰਤਰੀ ਰਹੇ, ਇਸ ਦੌਰਾਨ ਉਨ੍ਹਾਂ ਨੇ ਭਾਰਤ ਦੀ ਅਰਥਵਿਵਸਥਾ ਵਿਚ ਕਈ ਸੁਧਾਰਾਂ ਦੀ ਸ਼ੁਰੂਆਤ ਕੀਤੀ। 2004 ਤੋਂ 2014 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਰਹੇ। ਡਾ. ਮਨਮੋਹਨ ਸਿੰਘ ਦੀ ਇਸ ਸੀਟ 'ਤੇ ਕਾਂਗਰਸ ਨੇਤਾ ਸੋਨੀਆ ਗਾਂਧੀ ਨੂੰ ਰਾਜ ਸਭਾ ਵਿਚ ਐਂਟਰੀ ਮਿਲੇਗੀ। ਦੱਸ ਦੇਈਏ ਕਿ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ, ਸਿਹਤ ਮੰਤਰੀ ਮਨਸੁਖ ਮਾਂਡਵੀਆ, ਪਸ਼ੂ ਪਾਲਣ ਅਤੇ ਮੱਛੀ ਪਾਲਣ ਮੰਤਰੀ ਪਰਸ਼ੋਤਮ ਰੁਪਾਲਾ, ਸੂਚਨਾ ਤਕਨਾਲੋਜੀ ਰਾਜ ਮੰਤਰੀ ਰਾਜੀਵ ਚੰਦਰਸ਼ੇਖਰ, ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ, ਸੂਖਮ, ਲਘੂ ਅਤੇ ਦਰਮਿਆਨੇ ਉਦਯੋਗ ਮੰਤਰੀ ਨਰਾਇਣ ਰਾਣੇ ਅਤੇ ਸੂਚਨਾ ਅਤੇ ਪ੍ਰਸਾਰਣ ਲਈ ਐੱਲ. ਮੁਰੂਗਨ ਦਾ ਰਾਜ ਸਭਾ ਕਾਰਜਕਾਲ ਮੰਗਲਵਾਰ ਨੂੰ ਪੂਰਾ ਹੋ ਗਿਆ।

ਇਸ ਦੇ ਨਾਲ ਹੀ ਵਾਤਾਵਰਣ ਮੰਤਰੀ ਭੂਪੇਂਦਰ ਯਾਦਵ ਅਤੇ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਦਾ ਕਾਰਜਕਾਲ ਬੁੱਧਵਾਰ ਨੂੰ ਖਤਮ ਹੋ ਜਾਵੇਗਾ। ਰੇਲ ਮੰਤਰੀ ਅਤੇ ਐਲ. ਮੁਰੂਗਨ ਨੂੰ ਛੱਡ ਕੇ ਇਹ ਸਾਰੇ ਕੇਂਦਰੀ ਮੰਤਰੀ ਲੋਕ ਸਭਾ ਚੋਣਾਂ ਲੜ ਰਹੇ ਹਨ। ਇਸ ਤੋਂ ਇਲਾਵਾ ਸੇਵਾਮੁਕਤ ਹੋਣ ਵਾਲੇ ਹੋਰ ਨੇਤਾਵਾਂ ਵਿਚ ਭਾਜਪਾ ਦੇ ਰਾਸ਼ਟਰੀ ਮੀਡੀਆ ਇੰਚਾਰਜ ਅਨਿਲ ਬਲੂਨੀ ਅਤੇ ਛੱਤੀਸਗੜ੍ਹ ਤੋਂ ਸਰੋਜ ਪਾਂਡੇ ਵੀ ਸ਼ਾਮਲ ਹਨ। ਅਨਿਲ ਬਲੂਨੀ ਉੱਤਰਾਖੰਡ ਦੀ ਗੜ੍ਹਵਾਲ ਸੀਟ ਤੋਂ ਲੋਕ ਸਭਾ ਚੋਣ ਲੜ ਰਹੇ ਹਨ ਜਦਕਿ ਸਰੋਜ ਪਾਂਡੇ ਛੱਤੀਸਗੜ੍ਹ ਤੋਂ ਚੋਣ ਲੜ ਰਹੇ ਹਨ। ਸਾਬਕਾ ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ, ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ ਅਤੇ ਅਨਿਲ ਜੈਨ ਵੀ ਰਾਜ ਸਭਾ ਤੋਂ ਸੇਵਾਮੁਕਤ ਹੋ ਰਹੇ ਹਨ। ਪਾਰਟੀ ਨੇ ਉਨ੍ਹਾਂ ਨੂੰ ਮੁੜ ਰਾਜ ਸਭਾ ਨਹੀਂ ਭੇਜਿਆ।

ਰਾਜ ਸਭਾ ਤੋਂ ਸੇਵਾਮੁਕਤ ਹੋਣ ਵਾਲਿਆਂ ਵਿਚ ਸਮਾਜਵਾਦੀ ਪਾਰਟੀ ਦੀ ਜਯਾ ਬੱਚਨ ਵੀ ਸ਼ਾਮਲ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਨੇ ਇਕ ਹੋਰ ਕਾਰਜਕਾਲ ਲਈ ਮੁੜ ਨਾਮਜ਼ਦ ਕੀਤਾ ਹੈ। ਅਜਿਹੇ ਹੀ ਮਨੋਜ ਕੁਮਾਰ ਝਾਅ ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਰਾਸ਼ਟਰੀ ਜਨਤਾ ਦਲ ਨੇ ਬਿਹਾਰ ਤੋਂ ਰਾਜ ਸਭਾ ਲਈ ਇਕ ਹੋਰ ਕਾਰਜਕਾਲ ਲਈ ਮੁੜ ਨਾਮਜ਼ਦ ਕੀਤਾ ਹੈ।

# ਲਾਲੂ ਯਾਦਵ ਨੂੰ ਕਿਡਨੀ ਦੇਣ ਵਾਲੀ ਧੀ ਰੋਹਿਣੀ ਯਾਦਵ ਚੋਣ ਮੈਦਾਨ 'ਚ



ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ 9 ਕੇਂਦਰੀ ਮੰਤਰੀਆਂ ਸਮੇਤ ਰਾਜ ਸਭਾ ਦੇ ਘੱਟੋ-ਘੱਟ 54 ਮੈਂਬਰਾਂ ਦਾ ਕਾਰਜਕਾਲ ਬੁੱਧਵਾਰ ਨੂੰ ਖਤਮ ਹੋ ਰਿਹਾ ਹੈ। ਇਨ੍ਹਾਂ 'ਚੋਂ ਕੁਝ ਰਾਜ ਸਭਾ 'ਚ ਵਾਪਸ ਨਹੀਂ ਆਉਣਗੇ। ਸਾਬਕਾ ਪ੍ਰਧਾਨ ਮੰਤਰੀ ਸਿੰਘ ਦੀ 33 ਸਾਲ ਦੀ ਸੰਸਦੀ ਪਾਰੀ ਬੁੱਧਵਾਰ ਨੂੰ ਖਤਮ ਹੋਵੇਗੀ। ਇਹ ਅਜਿਹੇ ਸਮੇਂ 'ਚ ਹੋ ਰਿਹਾ ਹੈ ਜਦੋਂ ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਪਹਿਲੀ ਵਾਰ ਰਾਜ ਸਭਾ 'ਚ ਪਹੁੰਚ ਰਹੀ ਹੈ। ਆਰਥਿਕ ਸੁਧਾਰਾਂ ਦੇ ਆਰਕੀਟੈਕਟ ਮੰਨੇ ਜਾਂਦੇ 91 ਸਾਲਾ ਸਿੰਘ ਅਕਤੂਬਰ 1991 ਵਿਚ ਪਹਿਲੀ ਵਾਰ ਰਾਜ ਸਭਾ ਦੇ ਮੈਂਬਰ ਬਣੇ। ਮਨਮੋਹਨ ਸਿੰਘ 1991 ਤੋਂ 1996 ਤੱਕ ਨਰਸਿਮਹਾ ਰਾਓ ਸਰਕਾਰ ਵਿਚ ਵਿੱਤ ਮੰਤਰੀ ਰਹੇ, ਇਸ ਦੌਰਾਨ ਉਨ੍ਹਾਂ ਨੇ ਭਾਰਤ ਦੀ ਅਰਥਵਿਵਸਥਾ ਵਿਚ ਕਈ ਸੁਧਾਰਾਂ ਦੀ ਸ਼ੁਰੂਆਤ ਕੀਤੀ। 2004 ਤੋਂ 2014 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਰਹੇ। ਡਾ. ਮਨਮੋਹਨ ਸਿੰਘ ਦੀ ਇਸ ਸੀਟ 'ਤੇ ਕਾਂਗਰਸ ਨੇਤਾ ਸੋਨੀਆ ਗਾਂਧੀ ਨੂੰ ਰਾਜ ਸਭਾ ਵਿਚ ਐਂਟਰੀ ਮਿਲੇਗੀ। ਦੱਸ ਦੇਈਏ ਕਿ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ, ਸਿਹਤ ਮੰਤਰੀ ਮਨਸੁਖ ਮਾਂਡਵੀਆ, ਪਸ਼ੂ ਪਾਲਣ ਅਤੇ ਮੱਛੀ ਪਾਲਣ ਮੰਤਰੀ ਪਰਸ਼ੋਤਮ ਰੁਪਾਲਾ, ਸੂਚਨਾ ਤਕਨਾਲੋਜੀ ਰਾਜ ਮੰਤਰੀ ਰਾਜੀਵ ਚੰਦਰਸ਼ੇਖਰ, ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ, ਸੂਖਮ, ਲਘੂ ਅਤੇ ਦਰਮਿਆਨੇ ਉਦਯੋਗ ਮੰਤਰੀ ਨਰਾਇਣ ਰਾਣੇ ਅਤੇ ਸੂਚਨਾ ਅਤੇ ਪ੍ਰਸਾਰਣ ਲਈ ਐੱਲ. ਮੁਰੂਗਨ ਦਾ ਰਾਜ ਸਭਾ ਕਾਰਜਕਾਲ ਮੰਗਲਵਾਰ ਨੂੰ ਪੂਰਾ ਹੋ ਗਿਆ।

# ਤਿਹਾੜ ਜੇਲ੍ਹ 'ਚ ਬੰਦ ਕੇਜਰੀਵਾਲ ਦਾ ਤੇਜ਼ੀ ਨਾਲ ਘੱਟ ਰਿਹੈ ਵਜ਼ਨ, ਚਿੰਤਾ 'ਚ ਡਾਕਟਰ

ਸ਼ਰਾਬ ਘਪਲੇ ਮਾਮਲੇ ਵਿਚ ਗ੍ਰਿਫ਼ਤਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਵਜ਼ਨ ਜੇਲ੍ਹ ਵਿਚ ਤੇਜ਼ੀ ਨਾਲ ਘੱਟ ਰਿਹਾ ਹੈ। ਆਮ ਆਦਮੀ ਪਾਰਟੀ ਦੇ ਸੂਤਰਾਂ ਨੇ ਇਹ ਦਾਅਵਾ ਕੀਤਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਗ੍ਰਿਫ਼ਤਾਰੀ ਮਗਰੋਂ ਹੁਣ ਤੱਕ ਕੇਜਰੀਵਾਲ ਦਾ ਸਾਢੇ 4 ਕਿਲੋ ਵਜ਼ਨ ਘੱਟ ਹੋਇਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ਤੇਜ਼ੀ ਨਾਲ ਡਿੱਗਦੇ ਵਜ਼ਨ ਕਾਰਨ ਡਾਕਟਰਾਂ ਨੇ ਵੀ ਚਿੰਤਾ ਜਤਾਈ ਹੈ। ਇਸ ਤੋਂ ਪਹਿਲਾਂ ਕੇਜਰੀਵਾਲ ਦਾ ਸ਼ੂਗਰ ਦਾ ਪੱਧਰ ਵੀ ਘੱਟ ਹੋਣ ਦੀ ਗੱਲ ਸਾਹਮਣੇ ਆਈ ਸੀ। ਜੇਲ੍ਹ ਸੂਤਰਾਂ ਦੇ ਹਵਾਲੇ ਤੋਂ ਖ਼ਬਰ ਦਿੱਤੀ ਗਈ ਕਿ ਕੇਜਰੀਵਾਲ ਨੂੰ ਜਦੋਂ ਤਿਹਾੜ ਜੇਲ੍ਹ ਲਿਆਂਦਾ ਗਿਆ ਤਾਂ ਮੈਡੀਕਲ ਪਰੀਖਣ ਵਿਚ ਉਨ੍ਹਾਂ ਦੇ ਸ਼ੂਗਰ ਦਾ ਪੱਧਰ 50 ਤੋਂ ਘੱਟ ਪਾਇਆ ਗਿਆ। ਇਸ ਤੋਂ ਬਾਅਦ ਡਾਕਟਰਾਂ ਦੀ ਸਲਾਹ 'ਤੇ ਉਨ੍ਹਾਂ ਨੂੰ ਦਵਾਈ ਦਿੱਤੀ ਗਈ। ਈਡੀ ਰਿਮਾਂਡ ਦੌਰਾਨ ਵੀ ਉਨ੍ਹਾਂ ਦੀ ਸ਼ੂਗਰ ਦਾ ਪੱਧਰ ਘੱਟ ਸੀ। ਜੇਲ੍ਹ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕੇਜਰੀਵਾਲ ਦੀ ਸਿਹਤ ਦਾ ਪੂਰੀ ਖਿਆਲ ਰੱਖਿਆ ਜਾ ਰਿਹਾ ਹੈ। ਉਨ੍ਹਾਂ ਦੀ ਸਿਹਤ ਦੀ ਲਗਾਤਾਰ ਜਾਂਚ ਕਰਵਾਈ ਜਾ ਰਹੀ ਹੈ। ਕੇਜਰੀਵਾਲ ਦੀ ਸਿਹਤ ਨੂੰ ਧਿਆਨ ਵਿਚ ਰੱਖ ਕੇ ਹੀ ਉਨ੍ਹਾਂ ਨੂੰ ਘਰ ਦਾ ਖਾਣਾ ਖਾਣ ਦੀ ਇਜਾਜ਼ਤ ਕੋਰਟ ਵਲੋਂ ਦਿੱਤੀ ਗਈ ਸੀ। ਕੇਜਰੀਵਾਲ ਦਾ ਲੰਚ ਅਤੇ ਡਿਨਰ ਉਨ੍ਹਾਂ ਦੇ ਘਰ ਤੋਂ ਪਹੁੰਚਾਇਆ ਜਾ ਰਿਹਾ ਹੈ।ਦੱਸਣਯੋਗ ਹੈ ਕਿ ਕੇਜਰੀਵਾਲ ਨੂੰ ਸ਼ਰਾਬ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ 10 ਦਿਨਾਂ ਤੱਕ ਈਡੀ ਦੀ ਰਿਮਾਂਡ 'ਤੇ ਰਹੇ ਅਤੇ ਸਵਾਲਾਂ ਦਾ ਸਾਹਮਣਾ ਕੀਤਾ। ਇਸ ਤੋਂ ਬਾਅਦ 1 ਅਪ੍ਰੈਲ ਨੂੰ ਕੋਰਟ ਨੇ ਉਨ੍ਹਾਂ ਨੂੰ 15 ਦਿਨ ਦੀ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ। ਕੇਜਰੀਵਾਲ ਨੂੰ 15 ਅਪ੍ਰੈਲ ਤੱਕ ਜੇਲ੍ਹ ਵਿਚ ਰਹਿਣਾ ਪਵੇਗਾ। ਇਹ ਪਹਿਲਾ ਮੌਕਾ ਹੈ ਜਦੋਂ ਅਹੁਦੇ 'ਤੇ ਰਹਿੰਦੇ ਹੋਏ ਕਿਸੇ ਮੁੱਖ ਮੰਤਰੀ ਨੂੰ ਜੇਲ੍ਹ ਜਾਣਾ ਪਿਆ ਹੈ। ਕੇਜਰੀਵਾਲ ਨੂੰ ਤਿਹਾੜ ਜੇਲ੍ਹ ਨੰਬਰ-2 ਵਿਚ ਰੱਖਿਆ ਗਿਆ ਹੈ।



# ਸੁਖਬੀਰ ਬਾਦਲ ਦਾ ਵੱਡਾ ਬਿਆਨ, ਅਕਾਲੀ ਦਲ ਲਈ ਸੱਤਾ ਤੋਂ ਵੱਧ ਪੰਥ ਤੇ ਪੰਜਾਬ ਮਾਇਨੇ ਰੱਖਦਾ ਹੈ

ਭਾਜਪਾ ਨਾਲ ਗਠਜੋੜ 'ਤੇ ਸਹਿਮਤੀ ਨਾ ਬਣਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵਲੋਂ ਇਕ ਵਾਰ ਫਿਰ ਪੰਥਕ ਏਜੰਡੇ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸੁਖਬੀਰ ਬਾਦਲ ਨੇ ਇਕ ਅੰਗਰੇਜ਼ੀ ਅਖ਼ਬਾਰ ਨੂੰ ਦਿੱਤੇ ਇੰਟਰਵਿਊ 'ਚ ਕਿਹਾ ਕਿ ਬਾਕੀ ਸਾਰੀਆਂ ਪਾਰਟੀਆਂ ਦੇ ਉਲਟ ਸਾਡੀ ਤਰਜ਼ੀਹ ਪੰਜਾਬ ਹੈ ਅਤੇ ਅਸੀਂ ਸੂਬੇ ਲਈ ਹਮੇਸ਼ਾ ਲੜਦੇ ਰਹਾਂਗੇ, ਫਿਰ ਭਾਵੇਂ ਜਿੱਤੀਏ ਜਾਂ ਨਾ ਜਿੱਤੀਏ।ਅਕਾਲੀ ਦਲ 103 ਸਾਲ ਪੁਰਾਣੀ ਪਾਰਟੀ ਹੈ ਅਤੇ ਜੇਕਰ ਸਾਡੀ ਪਾਰਟੀ ਨੰਬਰਾਂ ਦੀ ਖੇਡ 'ਚ ਹੁੰਦੀ ਤਾਂ ਮੇਰੇ ਪਿਤਾ ਜੀ ਸ. ਪ੍ਰਕਾਸ਼ ਸਿੰਘ ਬਾਦਲ ਸਮੇਤ ਪਾਰਟੀ ਦੇ ਬਾਕੀ ਆਗੂ ਜੇਲ੍ਹਾਂ 'ਚ ਨਾ ਜਾਂਦੇ। ਸੁਖਬੀਰ ਬਾਦਲ ਨੇ ਕਿਹਾ ਕਿ ਖ਼ਾਲਸਾ ਪੰਥ ਸਾਡਾ ਆਧਾਰ ਹੈ ਅਤੇ ਅਸੀਂ ਪੰਜਾਬ ਦੀ ਸ਼ਾਨ ਅਤੇ ਹਿੱਤਾਂ ਨਾਲ ਕੋਈ ਸਮਝੌਤਾ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦੀ ਹੈ, ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ।ਅਸੀਂ ਚਾਹੁੰਦੇ ਹਾਂ ਕਿ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣ। 2020-21 ਦੇ ਅੰਦੋਲਨ ਦੌਰਾਨ ਕਿਸਾਨਾਂ ਖ਼ਿਲਾਫ਼ ਦਰਜ ਅਪਰਾਧਿਕ ਕੇਸ ਵਾਪਸ ਲਏ ਜਾਣ। ਜਦੋਂ ਸੁਖਬੀਰ ਬਾਦਲ ਨੂੰ ਇਹ ਪੁੱਛਿਆ ਗਿਆ ਕਿ ਅਕਾਲੀ ਦਲ ਦੀਆਂ ਸ਼ਰਤਾਂ 'ਤੇ ਭਾਜਪਾ ਗਠਜੋੜ ਲਈ ਤਿਆਰ ਕਿਉਂ ਨਹੀਂ ਹੋਈ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਮੈਂ ਇਸ ਦਾ ਜਵਾਬ ਨਹੀਂ ਦੇ ਸਕਦਾ, ਸਗੋਂ ਭਾਜਪਾ ਨੇ ਇਸ ਦਾ ਜਵਾਬ ਦੇਣਾ ਹੈ।

ਉਨ੍ਹਾਂ ਕਿਹਾ ਕਿ ਪਿਛਲੇ 5 ਸਾਲਾਂ ਦੌਰਾਨ ਸਿਰਫ ਹਰਸਿਮਰਤ ਕੌਰ ਬਾਦਲ ਨੇ ਕਿਸਾਨਾਂ ਲਈ ਸੰਸਦ 'ਚ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ 'ਚ ਭਾਜਪਾ ਦਾ ਕੋਈ ਆਧਾਰ ਨਹੀਂ ਹੈ ਅਤੇ ਨਤੀਜੇ ਆਉਣ 'ਤੇ ਲੋਕਾਂ ਨੂੰ ਖ਼ੁਦ ਭਾਜਪਾ ਦੀ ਕਾਰਗੁਜ਼ਾਰੀ ਦਾ ਪਤਾ ਲੱਗ ਜਾਵੇਗਾ। ਪਿਤਾ ਸ. ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਮਗਰੋਂ ਪਹਿਲੀ ਵਾਰ ਚੋਣਾਂ ਦੀ ਅਗਵਾਈ ਕਰਨ ਦੇ ਸਵਾਲ ਦਾ ਜਵਾਬ ਦਿੰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਇਹ ਬਹੁਤ ਔਖਾ ਹੈ ਅਤੇ ਮੈਂ ਆਪਣੇ ਪਿਤਾ ਜੀ ਦਾ 20 ਫ਼ੀਸਦੀ ਵੀ ਨਹੀਂ ਹੈ।



# ਟਿਕਟ ਲਈ ਨੇਤਾਵਾਂ ਨੇ ਦਿੱਲੀ 'ਚ ਪਾਇਆ ਡੇਰਾ, ਪੰਜਾਬ ਦੇ ਕਾਂਗਰਸੀ ਸਾਂਸਦਾਂ ਨੇ ਸੋਨੀਆ ਗਾਂਧੀ ਨਾਲ ਕੀਤੀ ਮੁਲਾਕਾਤ

ਪੰਜਾਬ ਕਾਂਗਰਸ ਦੀ ਟਿਕਟ 'ਤੇ ਲੋਕ ਸਭਾ ਚੋਣਾਂ ਲੜਨ ਦੇ ਇੱਛੁਕ ਨੇਤਾਵਾਂ ਨੇ ਦਿੱਲੀ ਵਿਚ ਡੇਰੇ ਪਾ ਦਿੱਤੇ ਹਨ। ਨੇਤਾ ਟਿਕਟ ਲੈਣ ਲਈ ਕੋਸ਼ਿਸ਼ਾਂ ਕਰ ਰਹੇ ਹਨ। ਪਾਰਟੀ ਕਦੇ ਵੀ ਪੰਜਾਬ ਤੋਂ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਸਕਦੀ ਹੈ। ਹਾਲਾਂਕਿ ਕਈ ਸੀਟਾਂ 'ਤੇ ਉਮੀਦਵਾਰ ਦੇਣ ਲਈ ਪਾਰਟੀ ਹਾਈਕਮਾਨ ਨੂੰ ਵੀ ਬਹੁਤ ਮਿਹਨਤ ਕਰਨੀ ਪੈ ਰਹੀ ਹੈ। ਇਸ ਦਰਮਿਆਨ ਕਾਂਗਰਸ ਦੇ ਪੰਜਾਬ ਦੇ ਸਾਂਸਦ ਮਨੀਸ਼ ਤਿਵਾੜੀ, ਅਮਰ ਸਿੰਘ, ਮੁਹੰਮਦ ਸਦੀਕ, ਗੁਰਜੀਤ ਸਿੰਘ ਔਜਲਾ ਤੇ ਜਸਬੀਰ ਸਿੰਘ ਡਿੰਪਾ ਨੇ ਕਾਂਗਰਸ ਦੀ ਸੀਨੀਅਰ ਨੇਤਾ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ ਹੈ। ਪਤਾ ਲੱਗਾ ਹੈ ਕਿ ਪਾਰਟੀ ਇੰਚਾਰਜ ਦੇਵੇਂਦਰ ਯਾਦਵ ਪਿਛਲੇ ਕੁਝ ਦਿਨਾਂ ਤੋਂ ਦਿੱਲੀ ਵਿਚ ਹਨ। ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸੀਐੱਲਪੀ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਦਿੱਲੀ ਜਾ ਕੇ ਆਏ ਹਨ। ਇਸ ਤੋਂ ਇਲਾਵਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਸਾਂਸਦ ਮਨੀਸ਼ ਤਿਵਾੜੀ, ਰਾਣਾ ਗੁਰਜੀਤ ਸਿੰਘ ਵੀ ਦਿੱਲੀ ਵਿਚ ਹਨ।ਬਲਬੀਰ ਸਿੰਘ ਸਿੱਧੂ ਵੀ ਪਿਛਲੇ ਕਈ ਦਿਨਾਂ ਤੋਂ ਦਿੱਲੀ ਦੇ ਚੱਕਰ ਵਿਚ ਹਨ। ਇਸ ਤੋਂ ਇਲਾਵਾ ਸਾਬਕਾ ਡਿਪਟੀ ਸੀਐੱਮ ਸੁਖਜਿੰਦਰ ਸਿੰਘ ਰੰਧਾਵਾ ਤੇ ਸਾਬਕਾ ਸੀਐੱਮ ਚਰਨਜੀਤ ਸਿੰਘ ਚੰਨੀ ਦਿੱਲੀ ਪਹੁੰਚ ਗਏ। ਇਸ ਤੋਂ ਇਲਾਵਾ ਹਰ ਹਲਕੇ ਤੋਂ ਨੇਤਾ ਉਥੇ ਗਏ ਹਨ। ਜਲਦ ਹੀ ਉਹ ਇਥੇ ਮੀਟਿੰਗਾਂ ਵਿਚ ਸ਼ਾਮਲ ਹੋਣਗੇ।



# ਪੰਜਾਬ 'ਚ ਇਸ ਵਾਰ 70 ਫ਼ੀਸਦੀ ਤੋਂ ਪਾਰ ਵੋਟਿੰਗ ਦਾ ਟੀਚਾ, ਚੋਣ ਕਮਿਸ਼ਨ ਤਿਆਰੀਆਂ 'ਚ ਜੁੱਟਿਆ

ਪੰਜਾਬ 'ਚ ਚੋਣ ਕਮਿਸ਼ਨ ਇਸ ਵਾਰ 70 ਫ਼ੀਸਦੀ ਤੋਂ ਪਾਰ ਵੋਟਿੰਗ ਦਾ ਟੀਚਾ ਪੂਰਾ ਕਰਨ ਦੀ ਤਿਆਰੀ 'ਚ ਜੁੱਟਿਆ ਹੋਇਆ ਹੈ। ਪਿੰਡਾਂ ਅਤੇ ਸ਼ਹਿਰਾਂ 'ਚ ਵੋਟਰਾਂ ਨੂੰ ਵੱਖੋ-ਵੱਖ ਤਰੀਕਿਆਂ ਰਾਹੀਂ ਵੋਟਾਂ ਪਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਜੇਕਰ ਪਿਛਲੇ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਸਾਲ 1992 'ਚ ਸਭ ਤੋਂ ਘੱਟ 23.96 ਫ਼ੀਸਦੀ ਵੋਟਿੰਗ ਹੋਈ ਸੀ, ਜਦੋਂ ਕਿ ਸਭ ਤੋਂ ਜ਼ਿਆਦਾ 1971 'ਚ 71.13 ਫ਼ੀਸਦੀ ਵੋਟਾਂ ਪਈਆਂ ਸਨ।2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਨੂੰ ਦੇਖਿਆ ਜਾਵੇ ਤਾਂ ਹਰ ਹਲਕੇ 'ਚ ਵੋਟਿੰਗ ਘਟੀ ਸੀ। ਵੋਟਿੰਗ ਘੱਟਣ ਦੇ ਕਈ ਕਾਰਨ ਰਹੇ ਸਨ। ਸਭ ਤੋਂ ਅਹਿਮ ਕਾਰਨ ਇਹ ਰਿਹਾ ਕਿ 2014 'ਚ ਲੋਕ ਕੇਂਦਰ ਅਤੇ ਪੰਜਾਬ 'ਚ ਬਦਲਾਅ ਚਾਹੁੰਦੇ ਸਨ, ਇਸ ਲਈ ਵੋਟਿੰਗ ਵੱਧ ਗਈ, ਜਦੋਂ ਕਿ 2019 'ਚ ਸਰਕਾਰ ਦੇ ਪੂਰਨ ਕਰਜ਼ਾ ਮੁਆਫ਼ੀ ਦਾ ਵਾਅਦਾ ਪੂਰਾ ਨਾ ਕਰਨ 'ਤੇ ਕਿਸਾਨ ਸਰਕਾਰ ਤੋਂ ਨਿਰਾਸ਼ ਸਨ। ਇਸ ਕਾਰਨ ਵੋਟਰਾਂ ਨੇ ਵੋਟਾਂ ਪਾਉਣ 'ਚ ਜ਼ਿਆਦਾ ਦਿਲਚਸਪੀ ਨਹੀਂ ਦਿਖਾਈ।2019 'ਚ ਸਾਲ 2014 ਦੇ ਮੁਕਾਬਲੇ 4.69 ਵੋਟਾਂ ਘੱਟ ਪਈਆਂ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਕੀਤੇ ਗਏ ਪੂਰਨ ਕਰਜ਼ਾ ਮੁਆਫ਼ੀ ਅਤੇ ਨਸ਼ੇ ਦੇ ਖ਼ਾਤਮੇ ਦੇ ਵਾਅਦੇ ਕਾਂਗਰਸ ਨੇ ਪੂਰੇ ਨਹੀਂ ਕੀਤੇ। 2019 'ਚ ਕਾਂਗਰਸ ਸੱਤਾ 'ਚ ਸੀ। 2022 'ਚ ਵਿਧਾਨ ਸਭਾ ਚੋਣਾਂ 'ਚ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ। ਹੁਣ ਚੋਣ ਕਮਿਸ਼ਨ ਦੀ ਕੋਸ਼ਿਸ ਹੈ ਕਿ ਇਸ ਵਾਰ ਵੋਟਿੰਗ 70 ਫ਼ੀਸਦੀ ਤੋਂ ਉੱਪਰ ਕਰਾਈ ਜਾਵੇ।



# ਪੰਜਾਬ 'ਚ ਗਰਮੀ ਕੱਢੇਗੀ ਵੱਟ, ਮੌਸਮ ਵਿਭਾਗ ਨੇ ਦਿੱਤੀ ਚਿਤਾਵਨੀ, ਦੁਪਹਿਰ ਵੇਲੇ ਨਿਕਲਣਾ ਹੋਵੇਗਾ ਔਖਾ



ਪੰਜਾਬ 'ਚ ਪਿਛਲੇ ਕੁੱਝ ਦਿਨਾਂ ਤੋਂ ਮੌਸਮ ਲਗਾਤਾਰ ਬਦਲਦਾ ਹੋਇਆ ਨਜ਼ਰ ਆ ਰਿਹਾ ਹੈ। ਮੀਂਹ ਪੈਣ ਤੋਂ ਬਾਅਦ ਤਾਪਮਾਨ 'ਚ ਗਿਰਾਵਟ ਤਾਂ ਜ਼ਰੂਰ ਆਈ ਹੈ ਪਰ ਜਲਦ ਹੀ ਤਾਪਮਾਨ ਵੱਧਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਦੇ ਮੁਤਾਬਕ ਲੋਕਾਂ ਨੂੰ ਜਲਦ ਹੀ ਗਰਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਹਾਲਾਂਕਿ ਅਜੇ ਮੌਸਮ ਰਲਿਆ-ਮਿਲਿਆ ਹੈ ਅਤੇ ਸਵੇਰੇ-ਸ਼ਾਮ ਨੂੰ ਠੰਡਾ ਮੌਸਮ ਹੁੰਦਾ ਹੈ, ਜਦੋਂ ਕਿ ਦੁਪਹਿਰ ਵੇਲੇ ਜ਼ਿਆਦਾ ਧੁੱਪ ਹੁੰਦੀ ਹੈ ਪਰ ਆਉਣ ਵਾਲੇ 10-20 ਦਿਨਾਂ ਦੌਰਾਨ ਤਪਦੀ ਧੁੱਪ ਲੋਕਾਂ ਦੇ ਪਸੀਨੇ ਛੁਡਾਵੇਗੀ। ਇਸ ਦੌਰਾਨ ਤਾਪਮਾਨ ਵੀ ਆਮ ਦਿਨਾਂ ਵਲੋਂ ਵਧੇਗਾ। ਦੁਪਹਿਰ ਵੇਲੇ ਘਰੋਂ ਨਿਕਲਣ ਵੀ ਔਖਾ ਹੋ ਜਾਵੇਗਾ। ਮੌਸਮ ਵਿਭਾਗ ਦੇ ਮੁਤਾਬਕ ਅਪ੍ਰੈਲ-ਮਈ ਦੌਰਾਨ ਗਰਮੀ ਲਗਾਤਾਰ ਵਧੇਗੀ, ਹਾਲਾਂਕਿ ਇਸ ਦੌਰਾਨ ਮੀਂਹ ਪੈਣ ਦੀ ਵੀ ਸੰਭਾਵਨਾ ਜਤਾਈ ਜਾ ਰਹੀ ਹੈ ਪਰ ਇਸ ਵਾਰ ਮੌਸਮ ਸਾਫ਼ ਹੁੰਦੇ ਹੀ ਗਰਮੀ ਆਪਣਾ ਜ਼ੋਰ ਫੜ੍ਹੇਗੀ। 3 ਤੋਂ 5 ਅਪ੍ਰੈਲ ਤੱਕ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ 'ਚ ਹਲਕੀ ਤੋਂ ਦਰਮਿਆਨੀ ਬਾਰਸ਼ ਦੀ ਵੀ ਸੰਭਾਵਨਾ ਹੈ। ਇਸ ਲਈ ਲੋਕਾਂ ਨੂੰ ਗਰਮੀ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ।

# ਅਦਾਕਾਰਾ ਪ੍ਰਿਯੰਕਾ ਚੋਪੜਾ ਦੇ ਭਰਾ ਦੀ ਹੋਈ ਕੁੜਮਾਈ

'ਦੇਸੀ ਗਰਲ' ਪ੍ਰਿਯੰਕਾ ਚੋਪੜਾ ਦੇ ਘਰ 'ਸ਼ਹਿਨਾਈਆਂ' ਗੂੰਜਣ ਜਾ ਰਹੀਆਂ ਹਨ। ਦਰਅਸਲ, ਪ੍ਰਿਯੰਕਾ ਚੋਪੜਾ ਦੇ ਭਰਾ ਸਿਧਾਰਥ ਚੋਪੜਾ ਦੀ ਗਰਲਫ੍ਰੈਂਡ ਅਤੇ ਅਦਾਕਾਰਾ ਨੀਲਮ ਉਪਾਧਿਆਏ ਦੀ ਕੁੜਮਾਈ ਹੋ ਗਈ ਹੈ।ਨੀਲਮ ਉਪਾਧਿਆਏ ਅਤੇ ਸਿਧਾਰਥ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਆਪਣੀ ਕੁੜਮਾਈ ਦੀਆਂ ਖ਼ੂਬਸੂਰਤ ਤਸਵੀਰਾਂ ਸ਼ੇਅਰ ਕੀਤੀਆਂ ਹਨ।ਉਥੇ ਹੀ ਪ੍ਰਿਯੰਕਾ ਚੋਪੜਾ ਨੇ ਵੀ ਇੰਸਟਾਗ੍ਰਾਮ ਸਟੋਰੀ 'ਤੇ 'ਰੋਕਾ ਸੈਰੇਮਨੀ' ਦੀਆਂ ਤਸਵੀਰਾਂ ਸ਼ੇਅਰ ਕਰਦਿਆਂ ਆਪਣੇ ਭਰਾ ਅਤੇ ਹੋਣ ਵਾਲੀ ਭਾਬੀ ਨੂੰ ਵਧਾਈ ਦਿੱਤੀ ਹੈ। ਦੱਸ ਦਈਏ ਕਿ ਸਿਧਾਰਥ ਚੋਪੜਾ ਅਤੇ ਨੀਲਮ ਉਪਾਧਿਆਏ ਲੰਬੇ ਸਮੇਂ ਤੋਂ ਇੱਕ-ਦੂਜੇ ਨੂੰ ਡੇਟ ਕਰ ਰਹੇ ਸਨ। ਜਿੱਥੇ ਉਹ ਇੱਕ ਨਿਰਮਾਤਾ ਹੈ, ਉੱਥੇ ਨੀਲਮ ਸਾਊਥ ਫ਼ਿਲਮ ਇੰਡਸਟਰੀ ਦੀ ਇੱਕ ਮਸ਼ਹੂਰ ਅਦਾਕਾਰਾ ਵੀ ਹੈ।ਨੀਲਮ ਮੁੱਖ ਤੌਰ 'ਤੇ ਤਾਮਿਲ ਅਤੇ ਤੇਲਗੂ ਫ਼ਿਲਮਾਂ 'ਚ ਕੰਮ ਕਰਦੀ ਹੈ। ਅਦਾਕਾਰਾ ਨੇ ਸਾਲ 2012 'ਚ ਤੇਲਗੂ ਫ਼ਿਲਮ 'ਮਿਸਟਰ 7' ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ।

ਰੋਕਾ ਸੈਰੇਮਨੀ ਦੌਰਾਨ ਨੀਲਮ ਬੇਹੱਦ ਖ਼ੂਬਸੂਰਤ ਲੱਗ ਰਹੀ ਸੀ।ਆਪਣੇ ਖਾਸ ਦਿਨ 'ਤੇ ਉਸ ਨੇ ਜਾਮਨੀ ਰੰਗ ਦਾ ਸ਼ਰਾਰਾ ਪਹਿਨਿਆ ਸੀ, ਜਿਸ ਨਾਲ ਉਸ ਨੇ ਸਿਲਵਰ ਗਹਿਣਿਆਂ ਨਾਲ ਆਪਣਾ ਲੁੱਕ ਪੂਰਾ ਕੀਤਾ। ਅਭਿਨੇਤਰੀ ਆਪਣੇ ਮੱਥੇ 'ਤੇ ਬਿੰਦੀ ਅਤੇ ਖੁੱਲ੍ਹੇ ਵਾਲਾਂ ਨਾਲ ਬਹੁਤ ਖ਼ੂਬਸੂਰਤ ਲੱਗ ਰਹੀ ਸੀ।ਦੱਸਣਯੋਗ ਹੈ ਕਿ ਨੀਲਮ ਉਪਾਧਿਆਏ ਦੱਖਣ ਦੀ ਮਸ਼ਹੂਰ ਅਦਾਕਾਰਾ ਹੈ। ਉਸ ਨੇ ਸਾਲ 2012 'ਚ ਤੇਲਗੂ ਫ਼ਿਲਮ 'ਮਿਸਟਰ 7' ਨਾਲ ਆਪਣੀ ਅਦਾਕਾਰੀ ਦੀ ਸ਼ੁਰੂਆਤ ਕੀਤੀ। ਉਸ ਨੇ ਕੁਝ ਤਾਮਿਲ ਭਾਸ਼ਾ ਦੀਆਂ ਫ਼ਿਲਮਾਂ 'ਚ ਵੀ ਕੰਮ ਕੀਤਾ ਹੈ।




# ਸੁਪਰ ਸਟਾਰ ਹੋਣ ਤੋਂ ਪਹਿਲਾਂ ਇਕ ਆਦਰਸ਼ ਬੇਟੇ ਹਨ ਆਮਿਰ ਖ਼ਾਨ



ਬਾਲੀਵੁੱਡ ਦੇ ਮਿਸਟਰ ਪ੍ਰਫੈਕਸ਼ਨਿਸਟ ਆਮਿਰ ਖ਼ਾਨ ਦੇਸ਼ ਦੇ ਸਭ ਤੋਂ ਵੱਡੇ ਸੁਪਰਸਟਾਰਾਂ ’ਚੋਂ ਇਕ ਹਨ। ਭਾਵੇਂ ਉਹ ਇਕ ਅਭਿਨੇਤਾ ਦੇ ਰੂਪ ’ਚ ਹੋਣ ਜਾਂ ਇਕ ਨਿਰਮਾਤਾ ਦੇ ਰੂਪ ’ਚ, ਉਨ੍ਹਾਂ ਨੇ ਹਮੇਸ਼ਾਂ ਉਨ੍ਹਾਂ ਦਰਸ਼ਕਾਂ ਦੇ ਦਿਲਾਂ ਨੂੰ ਛੂਹਿਆ ਹੈ ਜੋ ਉਨ੍ਹਾਂ ਦੀਆਂ ਫ਼ਿਲਮਾਂ ਦੇਖਦੇ ਹਨ। ਸਭ ਤੋਂ ਪਿਆਰਾ ਸੁਪਰਸਟਾਰ ਹੋਣ ਦੇ ਨਾਲ-ਨਾਲ ਉਹ ਬਹੁਤ ਹੀ ਦੇਖਭਾਲ ਕਰਨ ਵਾਲੇ ਬੇਟੇ ਵੀ ਹਨ ਤੇ ਇਸ ਦਾ ਸਬੂਤ ਸ਼ੈਡਿਊਲ ਹੈ ਕਿ ਉਹ ਆਪਣੇ ਰੁਝੇਵਿਆਂ ਦੇ ਬਾਵਜੂਦ ਅਕਸਰ ਆਪਣੀ ਮਾਂ ਜ਼ੀਨਤ ਹੁਸੈਨ ਨੂੰ ਚੈੱਕਅਪ ਲਈ ਲਿਜਾਂਦੇ ਹਨ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਉਹ ਬਹੁਤ ਵਧੀਆ ਬੇਟੇ ਹਨ ਤੇ ਇਕ ਅਜਿਹਾ ਸੁਪਰਸਟਾਰ ਜੋ ਆਪਣੇ ਕੰਮ ਦੇ ਬਾਵਜੂਦ ਆਪਣੀ ਮਾਂ ਦੀ ਸਿਹਤ ਨੂੰ ਪਹਿਲ ਦਿੰਦਾ ਹੈ। ਉਥੇ ਹੀ, ਵਰਕ ਫਰੰਟ ’ਤੇ ਆਮਿਰ ਖਾਨ ਹਾਲ ਹੀ ’ਚ ਆਪਣੀ ਅਗਲੀ ਫਿਲਮ ‘ਸਿਤਾਰੇ ਜ਼ਮੀਨ ਪਰ’ ਦੀ ਸ਼ੂਟਿੰਗ ਕਰ ਰਹੇ ਹਨ।

# ਪ੍ਰਸਿੱਧ ਗਾਇਕ ਸ਼੍ਰੀ ਬਰਾੜ ਦੀ ਸਾਬਕਾ ਪਤਨੀ ਹੋਈ ਅੱਗ ਬਬੂਲਾ, ਲਾਈਵ ਆ ਕੇ ਕੀਤਾ ਰੱਜ ਕੇ ਗਾਲੀ ਗਲੋਚ





ਮਸ਼ਹੂਰ ਪੰਜਾਬੀ ਗਾਇਕ ਅਤੇ ਗੀਤਕਾਰ ਸ਼੍ਰੀ ਬਰਾੜ ਆਪਣੀ ਪ੍ਰੋਫੈਸ਼ਨਲ ਜ਼ਿੰਦਗੀ ਦੇ ਨਾਲ-ਨਾਲ ਨਿੱਜੀ ਜ਼ਿੰਦਗੀ ਨੂੰ ਵੀ ਲੈ ਕੇ ਸੁਰਖੀਆਂ 'ਚ ਰਹਿੰਦੇ ਹਨ ਪਰ ਇਸ ਵਾਰ ਗਾਇਕ ਆਪਣੇ ਕਿਸੇ ਮਾਮਲੇ ਨੂੰ ਲੈ ਕੇ ਚਰਚਾ 'ਚ ਨਹੀਂ ਸਗੋਂ ਪਤਨੀ ਕਾਰਨ ਸੁਰਖੀਆਂ 'ਚ ਹੈ। ਦਰਅਸਲ, ਹਾਲ ਹੀ 'ਚ ਸ਼੍ਰੀ ਬਰਾੜ ਦੀ ਸਾਬਕਾ ਪਤਨੀ ਸੁੱਖਮਨ ਸੰਧੂ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਵੀਡੀਓ ਸ਼ੇਅਰ ਕੀਤੀ ਹੈ, ਜਿਸ 'ਚ ਉਹ ਕਿਸੇ ਸ਼ਖਸ਼ ਨੂੰ ਗਾਲ੍ਹਾਂ ਕੱਢਦੇ ਹੋਏ ਨਜ਼ਰ ਆ ਰਹੀ ਹੈ। ਦੱਸ ਦਈਏ ਕਿ ਇਸ ਵੀਡੀਓ 'ਚ ਸੁਖਮਨ ਉਸ ਸ਼ਖਸ਼ ਨੂੰ ਗਾਲ੍ਹਾਂ ਕੱਢਦੀ ਹੈ, ਜਿਸ ਨੇ ਉਸ ਦੀ ਪੋਸਟ 'ਤੇ ਕੁਮੈਂਟ ਕਰਕੇ ਉਸਨੂੰ ਡਿਪਰੈਸ਼ਨ ਦਾ ਸ਼ਿਕਾਰ ਦੱਸਿਆ। ਕੁਮੈਂਟ ਕਰਨ ਵਾਲੇ ਇਸ ਸ਼ਖਸ਼ ਨੂੰ ਸੰਧੂ ਵੱਲੋਂ ਨਾ ਸਿਰਫ ਕਰਾਰਾ ਜਵਾਬ ਦਿੱਤਾ ਗਿਆ ਸਗੋਂ ਕਾਫ਼ੀ ਗਾਲੀ ਗਲੋਚ ਵੀ ਕੀਤਾ। ਸੁਖਮਨ ਨੇ ਦੱਸਿਆ ਕਿ ਮੈਂ ਹਰ ਜਗ੍ਹਾਂ ਘੁੰਮ ਰਹੀ ਹਾਂ, ਮੈਂ ਕੋਈ ਡਿਪਰੈਸ਼ਨ 'ਚ ਨਹੀਂ ਆ। ਤੂੰ ਜਾ ਕੇ ਆਪਣੀ ਮਾਂ ਦਾ ਮੂੰਹ ਵੇਖ ਜਾਂ ਆਪਣੀ ਭੈਣ ਦਾ ਮੂੰਹ ਵੇਖ। ਮੈਂ ਇੱਕ ਦਮ ਵਧੀਆ ਆਂ, ਜੋ ਤੁਸੀ ਬਕਵਾਸ ਕਰਦੇ ਓ, ਸਮਝ ਗਿਆ ਨਾ। ਉਨ੍ਹਾਂ ਦੱਸਿਆ ਕਿ ਮੈਂ 2-3 ਸਾਲ ਪਹਿਲਾਂ ਜ਼ਰੂਰ ਡਿਪਰੈਸ਼ਨ 'ਚ ਸੀ ਪਰ ਹੁਣ ਇਨ੍ਹਾਂ ਚੀਜ਼ਾਂ ਤੋਂ ਮੈਂ ਬਾਹਰ ਨਿਕਲ ਆਈ ਹਾਂ। ਅਮਰੀਕਾ ਜਾ ਕੇ ਆਈ ਹਾਂ, ਘੁੰਮ ਰਹੀ ਆ, ਮਜ਼ੇ ਕਰ ਰਹੀ ਆ, ਇਹ ਡਿਪਰੈਸ਼ਨ 'ਚ ਹੁੰਦਾ ਹੈ?

ਦੱਸਣਯੋਗ ਹੈ ਕਿ ਸੁਖਮਨ ਸੰਧੂ ਅਤੇ ਗਾਇਕ ਸ਼੍ਰੀ ਬਰਾੜ ਇੱਕ-ਦੂਜੇ ਤੋਂ ਵੱਖ ਹੋ ਚੁੱਕੇ ਹਨ। ਦੋਵਾਂ ਦਾ ਤਲਾਕ ਹੋ ਚੁੱਕਿਆ ਹੈ। ਇੱਕ ਇੰਟਰਵਿਊ ਦੌਰਾਨ ਸੁਖਮਨ ਵੱਲੋਂ ਗਾਇਕ 'ਤੇ ਕਈ ਦੋਸ਼ ਲਗਾਏ ਗਏ ਸਨ, ਜਿਸ 'ਚੋਂ ਇੱਕ ਧੋਖਾ ਦੇਣਾ ਵੀ ਸੀ। ਇਸ ਤੋਂ ਬਾਅਦ ਉਨ੍ਹਾਂ ਇੱਕ-ਦੂਜੇ ਨਾਲ ਤਲਾਕ ਲੈ ਕੇ ਦੂਰੀ ਬਣਾ ਲਈ। ਸ਼੍ਰੀ ਬਰਾੜ ਇੱਕ ਗਾਇਕ, ਸੰਗੀਤਕਾਰ ਅਤੇ ਲੇਖਕ ਹਨ, ਜਿਨ੍ਹਾਂ ਨੇ ਪੰਜਾਬੀ ਗਾਇਕ ਮਨਕੀਰਤ ਔਲਖ ਨੂੰ 'ਭਾਬੀ', ਬਾਰਬੀ ਮਾਨ ਨੂੰ 'ਜਾਨ' ਅਤੇ ਹੋਰ ਬਹੁਤ ਸਾਰੇ ਗੀਤਾਂ ਲਈ ਸਿੰਗਰਸ ਨੂੰ ਫੇਮਸ ਕੀਤਾ। ਉਹ ਪਹਿਲਾਂ ਲੇਖਕ ਅਤੇ ਫਿਰ ਗਾਇਕ ਵਜੋਂ ਉਭਰੇ। ਇਸ ਤੋਂ ਇਲਾਵਾ ਉਨ੍ਹਾਂ ਨੇ ਇਤਿਹਾਸਕ 'ਕਿਸਾਨ ਅੰਦੋਲਨ' ਲਈ 'ਕਿਸਾਨ ਐਂਥਮ' (Kisaan Anthem) ਅਤੇ 'ਕਿਸਾਨ ਐਂਥਮ 2' (Kisaan Anthem 2) ਸ਼ਾਨਦਾਰ ਟਰੈਕ ਦਿੱਤੇ, ਜਿਨ੍ਹਾਂ ਦੇ ਬੋਲ ਹੁਣ ਵੀ ਲੋਕਾਂ ਦੇ ਦਿਲਾਂ 'ਚ ਰਾਜ਼ ਕਰਦੇ ਹਨ।

# ਇਫਤਾਰ ਪਾਰਟੀ 'ਚ ਪਰਵਾਨ ਚੜ੍ਹਿਆ ਅਰਬਾਜ਼ ਤੇ ਸ਼ੂਰਾ ਦਾ ਪਿਆਰ, ਦੋਸਤਾਂ ਸਾਹਮਣੇ ਲੁਟਾਇਆ ਖ਼ੂਬ ਪਿਆਰ



ਅਦਾਕਾਰਾ ਅਰਬਾਜ਼ ਖ਼ਾਨ ਨੂੰ ਆਪਣੀ ਦੂਜੀ ਪਤਨੀ ਸ਼ੂਰਾ ਖ਼ਾਨ ਨਾਲ ਕਈ ਵਾਰ ਜਨਤਕ ਥਾਵਾਂ 'ਤੇ ਦੇਖਿਆ ਗਿਆ ਹੈ। ਭਰੇ ਇੱਕਠ 'ਚ ਵੀ ਉਹ ਆਪਣੀ ਪਤਨੀ 'ਤੇ ਪਿਆਰ ਵਰਸਾਉਣ ਤੋਂ ਨਹੀਂ ਝਿਜਕਦਾ। ਅਰਬਾਜ਼ ਤੇ ਸ਼ੂਰਾ ਦਾ ਪ੍ਰੇਮ ਵਿਆਹ ਹੋਇਆ ਹੈ ਅਤੇ ਉਹ ਇੱਕ ਦੂਜੇ ਨਾਲ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ। ਹਾਲ ਹੀ 'ਚ ਅਰਬਾਜ਼ ਨੇ ਸ਼ੂਰਾ ਅਤੇ ਇੰਡਸਟਰੀ ਦੇ ਕੁਝ ਦੋਸਤਾਂ ਨਾਲ ਇਫਤਾਰ ਪਾਰਟੀ ਰੱਖੀ ਸੀ। ਰਮਜ਼ਾਨ ਦੇ ਪਵਿੱਤਰ ਮਹੀਨੇ ਦੌਰਾਨ ਉਹ ਆਪਣੀ ਪਤਨੀ ਸ਼ੂਰਾ ਖ਼ਾਨ ਨਾਲ ਇਫਤਾਰ ਕਰਨ ਲਈ ਮੁੰਬਈ ਦੇ ਮੁਹੰਮਦ ਅਲੀ ਰੋਡ ਪਹੁੰਚੇ। ਨਵੇਂ ਵਿਆਹੇ ਜੋੜੇ ਅਰਬਾਜ਼ ਅਤੇ ਸ਼ੂਰਾ ਨੇ ਇਫਤਾਰ ਪਾਰਟੀ 'ਚ ਕਈ ਸੁਆਦੀ ਪਕਵਾਨਾਂ ਦਾ ਆਨੰਦ ਮਾਣਿਆ। ਇੰਨਾ ਹੀ ਨਹੀਂ ਅਰਬਾਜ਼ ਆਪਣੀ ਪਤਨੀ ਨੂੰ ਭੀੜ ਤੋਂ ਬਚਾਉਂਦੇ ਵੀ ਨਜ਼ਰ ਆਏ।

# ਕੈਬ ਨੇ IPL ਦੀ ਤਰਜ ’ਤੇ ਬੰਗਾਲ ਪ੍ਰੋ ਟੀ-20 ਲੀਗ ਦਾ ਕੀਤਾ ਐਲਾਨ




ਬੰਗਾਲ ਕੋਲ ਆਖਿਰਕਾਰ ਆਪਣੀ ਖੇਤਰੀ ਕ੍ਰਿਕਟ ਲੀਗ ਬੰਗਾਲ ਪ੍ਰੋ ਟੀ-20 ਹੋਵੇਗੀ, ਜੋ ਆਈ. ਪੀ. ਐੱਲ. ’ਤੇ ਆਧਾਰਿਤ ਹੋਵੇਗੀ। ਬੰਗਾਲ ਕ੍ਰਿਕਟ ਸੰਘ (ਕੈਬ) ਨੇ ਹਾਲਾਂਕਿ ਐਲਾਨ ਕੀਤਾ ਕਿ ਇਸ ਲੀਗ ’ਚ ਸਿਰਫ ਸੂਬੇ ਦੇ ਖਿਡਾਰੀ ਹਿੱਸਾ ਲੈ ਸਕਣਗੇ। ਇਸ ਲੀਗ ਦਾ 21 ਦਿਨ ਦਾ ਪਹਿਲਾ ਸੀਜ਼ਨ 8 ਜੂਨ ਤੋਂ ਹੋਵੇਗਾ, ਜਿਸ ’ਚ 8 ਪੁਰਸ਼ ਅਤੇ ਮਹਿਲਾ ਟੀਮਾਂ ਹਿੱਸਾ ਲੈਣਗੀਆਂ। ਪੁਰਸ਼ਾਂ ਦੀ ਲੀਗ ਈਡਨ ਗਾਰਡਨਜ਼ ’ਤੇ ਹੋਵੇਗੀ ਜਦਕਿ ਔਰਤਾਂ ਸਾਲਟ ਲੇਕ ਦੇ ਜਾਧਵਪੁਰ ਯੂਨੀਵਰਸਿਟੀ ’ਚ ਖੇਡਣਗੀਆਂ। ਹਰ ਰੋਜ਼ 2 ਮੁਕਾਬਲੇ ਹੋਣਗੇ ਅਤੇ ਹਰੇਕ ਪੁਰਸ਼ ਟੀਮ ’ਚ 17 ਜਦਕਿ ਮਹਿਲਾ ਟੀਮ ’ਚ 16 ਖਿਡਾਰੀ ਹੋਣਗੇ। ਕੈਬ ਦੇ ਪ੍ਰਧਾਨ ਸਨੇਹਾਸ਼ੀਸ਼ ਗਾਂਗੁਲੀ ਨੇ ਦੱਸਿਆ ਕਿ ਸਾਰੀਆਂ 8 ਟੀਮਾਂ ਫ੍ਰੈਂਚਾਈਜ਼ੀ ਆਧਾਰਿਤ ਹੋਣਗੀਆਂ। ਹਾਲਾਂਕਿ ਅਜੇ ਇਸ ਨੂੰ ਆਖਰੀ ਰੂਪ ਨਹੀਂ ਦਿੱਤਾ ਗਿਆ ਹੈ। ਕੈਬ ਲੀਗ ਲਈ ਕੋਈ ਖਰਚਾ ਨਹੀਂ ਚੁੱਕੇਗੀ। ਕੈਬ ਨੇ ਹਾਲਾਂਕਿ 2020-21 ’ਚ ਇਕ ਖੇਤਰੀ ਟੀ-20 ਟੂਰਨਾਮੈਂਟ ਆਯੋਜਿਤ ਕੀਤਾ ਸੀ ਪਰ ਇਕ ਸੀਜ਼ਨ ਤੋਂ ਬਾਅਦ ਇਸ ਨੂੰ ਰੋਕਣਾ ਪਿਆ ਸੀ।

# ਲਗਾਤਾਰ ਹਾਰ ਕਾਰਨ ਹਾਰਦਿਕ ਪੰਡਯਾ ਤੋਂ ਖੋਹੀ ਜਾ ਸਕਦੀ ਹੈ ਕਪਤਾਨੀ




IPL 'ਚ ਆਪਣੀ ਹੌਲੀ ਸ਼ੁਰੂਆਤ ਲਈ ਮਸ਼ਹੂਰ ਹੋ ਚੁੱਕੀ ਮੁੰਬਈ ਇੰਡੀਅਨਜ਼ ਦੀ ਟੀਮ ਨੂੰ ਇਕ ਵਾਰ ਫਿਰ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਇਸ ਵਾਰ ਕੁਝ ਵੱਖਰਾ ਹੈ। ਨਵੇਂ ਕਪਤਾਨ ਹਾਰਦਿਕ ਪੰਡਯਾ ਦੀ ਰਣਨੀਤੀ ਅਜੇ ਤਕ ਕਾਰਗਰ ਨਹੀਂ ਰਹੀ ਹੈ। ਭਾਵੇਂ ਉਹ ਟੀਮ ਨੂੰ ਜਿੱਤ ਦਿਵਾਉਣ 'ਚ ਮਦਦ ਕਰੇ ਜਾਂ ਮੈਦਾਨ 'ਤੇ ਦਰਸ਼ਕਾਂ ਨੂੰ ਪ੍ਰਭਾਵਿਤ ਕਰੇ। 2015 ਦੇ ਸੀਜ਼ਨ 'ਚ ਮੁੰਬਈ ਇੰਡੀਅਨਜ਼ ਨੂੰ ਪਹਿਲੇ ਚਾਰ ਮੈਚਾਂ 'ਚ ਲਗਾਤਾਰ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਇਸ ਤੋਂ ਬਾਅਦ ਟੀਮ ਲਗਾਤਾਰ ਛੇ ਮੈਚ ਜਿੱਤ ਕੇ ਪਲੇਆਫ 'ਚ ਪਹੁੰਚੀ ਤੇ ਇਸ ਤੋਂ ਬਾਅਦ ਮੁੰਬਈ ਇੰਡੀਅਨਜ਼ ਨੇ ਖਿਤਾਬ 'ਤੇ ਕਬਜ਼ਾ ਕੀਤਾ ਸੀ। ਪਰ ਉਸ ਸਮੇਂ ਟੀਮ ਦੀ ਕਮਾਨ ਰੋਹਿਤ ਸ਼ਰਮਾ ਦੇ ਹੱਥਾਂ 'ਚ ਸੀ। ਇਸ ਵਾਰ ਕਪਤਾਨੀ ਹਾਰਦਿਕ ਪੰਡਯਾ ਦੇ ਹੱਥਾਂ 'ਚ ਹੈ ਤੇ ਟੀਮ ਨੂੰ ਦਰਸ਼ਕਾਂ ਦਾ ਵੀ ਸਮਰਥਨ ਨਹੀਂ ਮਿਲ ਰਿਹਾ। ਅਜਿਹੇ 'ਚ ਮੁੰਬਈ ਦੀ ਟੀਮ ਲਈ ਟਾਸਕ ਕਾਫੀ ਮੁਸ਼ਕਿਲ ਲੱਗ ਰਿਹਾ ਹੈ।

ਮੁੰਬਈ ਇੰਡੀਅਨਜ਼ ਨੂੰ 2024 'ਚ ਹੁਣ ਤਕ ਲਗਾਤਾਰ ਤਿੰਨ ਹਾਰਾਂ ਦਾ ਸਾਹਮਣਾ ਕਰਨਾ ਪਿਆ ਹੈ। ਟੀਮ ਨੇ ਹੁਣ ਆਪਣਾ ਅਗਲਾ ਮੈਚ 7 ਅਪ੍ਰੈਲ ਨੂੰ ਰਾਇਲ ਚੈਲੰਜਰਜ਼ ਬੈਂਗਲੁਰੂ ਖਿਲਾਫ ਖੇਡਣਾ ਹੈ। ਅਜਿਹੇ 'ਚ ਟੀਮ ਕੋਲ ਹਾਲਾਤ ਸੁਧਾਰਨ ਦਾ ਮੌਕਾ ਹੈ। ਭਾਰਤੀ ਟੀਮ ਦੇ ਸਾਬਕਾ ਬੱਲੇਬਾਜ਼ ਮਨੋਜ ਤਿਵਾਰੀ ਦਾ ਮੰਨਣਾ ਹੈ ਕਿ ਇਸ ਦੌਰਾਨ ਮੁੰਬਈ ਫਰੈਂਚਾਇਜ਼ੀ ਨੂੰ ਸਖ਼ਤ ਕਦਮ ਚੁੱਕਣੇ ਪੈਣਗੇ ਤੇ ਰੋਹਿਤ ਨੂੰ ਫਿਰ ਤੋਂ ਟੀਮ ਦੀ ਕਮਾਨ ਸੌਂਪਣੀ ਚਾਹੀਦੀ ਹੈ। ਉਸ ਦਾ ਮੰਨਣਾ ਹੈ ਕਿ ਹਾਰਦਿਕ 'ਤੇ ਕਪਤਾਨੀ ਦਾ ਦਬਾਅ ਸਾਫ ਨਜ਼ਰ ਆ ਰਿਹਾ ਹੈ ਤੇ ਇਹ ਗੱਲ ਇਸ ਤੱਥ ਤੋਂ ਸਾਬਤ ਹੁੰਦੀ ਹੈ ਕਿ ਉਸ ਨੇ ਰਾਜਸਥਾਨ ਰਾਇਲਜ਼ ਖਿਲਾਫ ਮੈਚ 'ਚ ਬਿਲਕੁਲ ਵੀ ਗੇਂਦਬਾਜ਼ੀ ਨਹੀਂ ਕੀਤੀ।

ਪਿਛਲੇ ਸਾਲ ਦਸੰਬਰ 'ਚ ਸੱਟ ਤੋਂ ਉਭਰਨ ਤੋਂ ਬਾਅਦ ਫਰੈਂਚਾਇਜ਼ੀ ਨੇ ਰੋਹਿਤ ਦੀ ਜਗ੍ਹਾ ਹਾਰਦਿਕ ਨੂੰ ਕਪਤਾਨੀ ਸੌਂਪੀ ਸੀ। ਮਨੋਜ ਨੇ ਇਕ ਇੰਟਰਵਿਊ ਦੌਰਾਨ ਕਿਹਾ, ਪਹਿਲੇ ਦੋ ਮੈਚਾਂ 'ਚ ਗੇਂਦਬਾਜ਼ੀ ਕਰਨ ਤੋਂ ਬਾਅਦ ਤੇਜ਼ ਗੇਂਦਬਾਜ਼ਾਂ ਦੀ ਮਦਦ ਕਰਨ ਵਾਲੀ ਪਿੱਚ 'ਤੇ ਗੇਂਦਬਾਜ਼ੀ ਨਾ ਕਰਨਾ ਦਰਸਾਉਂਦਾ ਹੈ ਕਿ ਹਾਰਦਿਕ ਦਬਾਅ ਹੇਠ ਹਨ। ਮੈਨੂੰ ਲੱਗਦਾ ਹੈ ਕਿ ਅਗਲੇ ਮੈਚ ਤੋਂ ਪਹਿਲਾਂ ਫ੍ਰੈਂਚਾਇਜ਼ੀ ਹਾਰਦਿਕ ਦੀ ਜਗ੍ਹਾ ਰੋਹਿਤ ਸ਼ਰਮਾ ਨੂੰ ਮੁੜ ਕਪਤਾਨੀ ਸੌਂਪ ਸਕਦੀ ਹੈ। ਇਹ ਇਕ ਵੱਡਾ ਫੈਸਲਾ ਹੋ ਸਕਦਾ ਹੈ। ਜਿੱਥੋਂ ਤਕ ਮੈਂ ਫਰੈਂਚਾਇਜ਼ੀ ਤੇ ਉਨ੍ਹਾਂ ਦੇ ਮਾਲਕਾਂ ਨੂੰ ਜਾਣਦਾ ਹਾਂ, ਉਹ ਵੱਡੇ ਫੈਸਲੇ ਲੈਣ ਤੋਂ ਪਿੱਛੇ ਨਹੀਂ ਹਟਦੇ। ਉਹ ਪਹਿਲਾਂ ਹੀ ਪੰਜ ਵਾਰ ਟੀਮ ਨੂੰ ਖਿਤਾਬ ਦਿਵਾਉਣ ਵਾਲੇ ਰੋਹਿਤ ਤੋਂ ਕਪਤਾਨੀ ਖੋਹ ਕੇ ਅਜਿਹਾ ਕਰ ਚੁੱਕੇ ਹਨ। ਨਵੀਂ ਕਪਤਾਨੀ ਲਗਾਤਾਰ ਗਲਤੀਆਂ ਕਰ ਰਹੀ ਹੈ ਤੇ ਇਕ ਵੀ ਮੈਚ ਨਹੀਂ ਜਿੱਤ ਸਕੀ। ਇਸ ਤਰ੍ਹਾਂ ਉਹ ਇਕ ਵਾਰ ਕਪਤਾਨੀ ਖੋਹ ਕੇ ਰੋਹਿਤ ਨੂੰ ਦੇ ਸਕਦੇ ਹਨ।

# ਅਨਕੈਪਡ ਮਯੰਕ ਯਾਦਵ ਦੀ ਸਨਸਨੀਖੇਜ਼ ਗੇਂਦਬਾਜ਼ੀ, ਰਿਕਾਰਡ ਬੁੱਕ ਚ ਦਰਜ ਕਰਵਾਇਆ ਨਾਂ

ਲਖਨਊ ਸੁਪਰ ਜਾਇੰਟਸ ਦੇ ਅਨਕੈਪਡ ਤੇਜ਼ ਗੇਂਦਬਾਜ਼ ਮਯੰਕ ਯਾਦਵ ਨੇ ਆਈਪੀਐੱਲ ਦੇ ਇਸ ਸੀਜ਼ਨ ਵਿੱਚ ਆਪਣੀ ਤੇਜ਼ ਰਫ਼ਤਾਰ ਨਾਲ ਹਲਚਲ ਮਚਾ ਦਿੱਤੀ ਹੈ, ਜਿਸ ਨੇ ਇੱਕ ਵੱਡਾ ਰਿਕਾਰਡ ਬਣਾ ਲਿਆ ਹੈ। ਦਿੱਲੀ ਦੇ 21 ਸਾਲਾ ਖਿਡਾਰੀ ਨੇ ਰਾਇਲ ਚੈਲੰਜਰਜ਼ ਬੰਗਲੌਰ ਦੇ ਖਿਲਾਫ 3/14 ਦੇ ਸ਼ਾਨਦਾਰ ਅੰਕੜੇ ਦਰਜ ਕਰਕੇ ਆਪਣੀ ਟੀਮ ਨੂੰ ਬੈਂਗਲੁਰੂ 'ਤੇ 28 ਦੌੜਾਂ ਨਾਲ ਹਰਾ ਦਿੱਤਾ।ਮਯੰਕ ਨੇ 182 ਦੌੜਾਂ ਦੇ ਟੀਚੇ ਦਾ ਪਿੱਛਾ ਕਰਦੇ ਹੋਏ ਆਰਸੀਬੀ ਨੂੰ ਹਿਲਾ ਦਿੱਤਾ ਅਤੇ ਤਿੰਨ ਮਹੱਤਵਪੂਰਨ ਵਿਕਟਾਂ ਲੈ ਕੇ ਆਪਣੀ ਟੀਮ ਨੂੰ ਚਿੰਨਾਸਵਾਮੀ 'ਤੇ ਆਸਾਨ ਜਿੱਤ ਦਿਵਾਈ। ਉਸ ਨੂੰ ਉਸ ਦੇ ਸਨਸਨੀਖੇਜ਼ ਸਪੈੱਲ ਲਈ 'ਪਲੇਅਰ ਆਫ਼ ਦਾ ਮੈਚ' ਚੁਣਿਆ ਗਿਆ। ਉਸਨੇ ਆਪਣੇ ਚਾਰ ਓਵਰਾਂ ਦੇ ਸਪੈੱਲ ਵਿੱਚ ਰਜਤ ਪਾਟੀਦਾਰ, ਗਲੇਨ ਮੈਕਸਵੈੱਲ ਅਤੇ ਕੈਮਰਨ ਗ੍ਰੀਨ ਨੂੰ ਆਊਟ ਕੀਤਾ, ਜਿਸ ਵਿੱਚ 156.7 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਵੀ ਸ਼ਾਮਲ ਸੀ ਜੋ ਇਸ ਆਈਪੀਐੱਲ ਸੀਜ਼ਨ ਵਿੱਚ ਹੁਣ ਤੱਕ ਦੀ ਸਭ ਤੋਂ ਤੇਜ਼ ਅਤੇ ਟੂਰਨਾਮੈਂਟ ਦੇ ਇਤਿਹਾਸ ਵਿੱਚ ਚੌਥੀ ਸਭ ਤੋਂ ਤੇਜ਼ ਸੀ।ਯਾਦਵ ਨੇ ਲਖਨਊ ਦੇ ਏਕਾਨਾ ਕ੍ਰਿਕਟ ਸਟੇਡੀਅਮ ਵਿੱਚ ਪੰਜਾਬ ਕਿੰਗਜ਼ (ਪੀਬੀਕੇਐੱਸ) ਦੇ ਖਿਲਾਫ ਐੱਲਐੱਸਜੀ ਦੇ ਆਖਰੀ ਮੈਚ ਵਿੱਚ ਆਪਣੇ ਆਈਪੀਐੱਲ ਡੈਬਿਊ ਵਿੱਚ 27 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ। ਉਸ ਦੀ ਗੇਂਦਬਾਜ਼ੀ ਦੀ ਬਹਾਦਰੀ ਨੇ ਉਸ ਨੂੰ 'ਪਲੇਅਰ ਆਫ਼ ਦਾ ਮੈਚ' ਪੁਰਸਕਾਰ ਦਿੱਤਾ। ਆਪਣੇ ਪਹਿਲੇ ਦੋ ਆਈਪੀਐੱਲ ਮੈਚਾਂ ਵਿੱਚ ਲਗਾਤਾਰ ਤਿੰਨ ਵਿਕਟਾਂ ਲੈ ਕੇ ਮਯੰਕ ਅਜਿਹਾ ਕਰਨ ਵਾਲਾ ਟੂਰਨਾਮੈਂਟ ਦੇ ਇਤਿਹਾਸ ਵਿੱਚ ਛੇਵਾਂ ਗੇਂਦਬਾਜ਼ ਬਣ ਗਿਆ। ਇਸ ਤੋਂ ਪਹਿਲਾਂ ਇਹ ਉਪਲਬਧੀ ਹਾਸਲ ਕਰਨ ਵਾਲੇ ਹੋਰ ਗੇਂਦਬਾਜ਼ਾਂ ਵਿਚ ਲਸਿਥ ਮਲਿੰਗਾ, ਅਮਿਤ ਸਿੰਘ, ਮਯੰਕ ਮਾਰਕੰਡੇ ਅਤੇ ਜੋਫਰਾ ਆਰਚਰ ਸਨ।



# ਬਾਈਡੇਨ ਨੂੰ ਝਟਕਾ, ਮੁਸਲਿਮ ਨੇਤਾਵਾਂ ਨੇ ਇਫਤਾਰ ਦਾਅਵਤ ਦੇ ਸੱਦੇ ਨੂੰ ਠੁਕਰਾਇਆ

ਗਾਜ਼ਾ 'ਚ ਚੱਲ ਰਹੀ ਜੰਗ ਕਾਰਨ ਅਮਰੀਕਾ 'ਚ ਮੁਸਲਿਮ ਭਾਈਚਾਰੇ ਦੇ ਨੇਤਾਵਾਂ ਨੇ ਰਾਸ਼ਟਰਪਤੀ ਜੋਅ ਬਾਈਡੇਨ ਵਲੋਂ ਆਯੋਜਿਤ ਰੋਜ਼ਾ ਇਫਤਾਰ (ਰੋਜ਼ਾ ਤੋੜਨ) ਦੇ ਸੱਦੇ ਨੂੰ ਠੁਕਰਾ ਦਿੱਤਾ ਹੈ। ਇਸ ਤੋਂ ਬਾਅਦ ਵ੍ਹਾਈਟ ਹਾਊਸ ਨੇ ਮੰਗਲਵਾਰ ਸ਼ਾਮ ਨੂੰ ਇਕ ਛੋਟੀ ਇਫਤਾਰ ਦਾਅਵਤ ਦਾ ਆਯੋਜਨ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਵਿਚ ਸਿਰਫ ਪ੍ਰਸ਼ਾਸਨ ਵਿਚ ਕੰਮ ਕਰਨ ਵਾਲੇ ਲੋਕ ਹੀ ਸ਼ਾਮਲ ਹੋਣਗੇ। ਮੁਸਲਿਮ ਐਡਵੋਕੇਸੀ ਗਰੁੱਪ ਐਮਗਜ਼ ਦੀ ਅਗਵਾਈ ਕਰਨ ਵਾਲੇ ਵੇਲ ਅਲ-ਜ਼ਾਇਤ ਨੇ ਪਿਛਲੇ ਸਾਲ ਵ੍ਹਾਈਟ ਹਾਊਸ ਵਿਚ ਆਯੋਜਿਤ ਇਫਤਾਰ ਖਾਣੇ ਵਿਚ ਸ਼ਿਰਕਤ ਕੀਤੀ ਸੀ, ਪਰ ਇਸ ਵਾਰ ਉਨ੍ਹਾਂ ਨੇ ਬਾਈਡੇਨ ਨਾਲ ਵਰਤ ਤੋੜਨ ਤੋਂ ਇਨਕਾਰ ਕਰਦੇ ਹੋਏ ਕਿਹਾ, "ਜਦੋਂ ਗਾਜ਼ਾ ਵਿਚ ਭੁੱਖਮਰੀ ਜਿਹੇ ਹਾਲਾਤ ਹੋਣ ਤਾਂ ਇਸ ਤਰ੍ਹਾਂ ਦੀ ਦਾਅਵਤ ਵਿਚ ਸ਼ਾਮਲ ਹੋਣਾ ਅਣਉਚਿਤ ਹੈ।" ਉਨ੍ਹਾਂ ਨੇ ਕਿਹਾ ਕਿ ਕਈ ਲੋਕਾਂ ਦੁਆਰਾ ਸੱਦੇ ਨੂੰ ਅਸਵੀਕਾਰ ਕਰਨ ਤੋਂ ਬਾਅਦ ਵ੍ਹਾਈਟ ਹਾਊਸ ਨੇ ਆਪਣੀ ਯੋਜਨਾ ਬਦਲੀ ਅਤੇ ਕਮਿਊਨਿਟੀ ਨੇਤਾਵਾਂ ਨੂੰ ਕਿਹਾ ਕਿ ਉਹ ਪ੍ਰਸ਼ਾਸਨ ਦੀਆਂ ਨੀਤੀਆਂ 'ਤੇ ਕੇਂਦ੍ਰਿਤ ਮੀਟਿੰਗ ਕਰਨਾ ਚਾਹੁੰਦਾ ਹੈ। ਅਲ ਜ਼ਯਾਤ ਨੇ ਵੀ ਇਸ ਤੋਂ ਇਨਕਾਰ ਕੀਤਾ ਹੈ। ਬਹੁਤ ਸਾਰੇ ਅਮਰੀਕੀ-ਮੁਸਲਿਮ ਗਾਜ਼ਾ ਦੀ ਘੇਰਾਬੰਦੀ ਨੂੰ ਲੈ ਕੇ ਇਜ਼ਰਾਈਲ ਦਾ ਸਮਰਥਨ ਕਰਨ ਲਈ ਬਾਈਡੇਨ ਤੋਂ ਨਾਰਾਜ਼ ਹਨ। ਰਾਸ਼ਟਰਪਤੀ ਦੀ ਡੈਮੋਕ੍ਰੇਟਿਕ ਪਾਰਟੀ ਨੂੰ ਡਰ ਹੈ ਕਿ ਬਾਈਡੇਨ ਲਈ ਮੁਸਲਮਾਨਾਂ ਦਾ ਘਟਦਾ ਸਮਰਥਨ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਦੀ ਵ੍ਹਾਈਟ ਹਾਊਸ ਵਿਚ ਵਾਪਸੀ ਦਾ ਰਾਹ ਪੱਧਰਾ ਕਰ ਸਕਦਾ ਹੈ।

ਬਾਈਡੇਨ, ਉਪ ਰਾਸ਼ਟਰਪਤੀ ਕਮਲਾ ਹੈਰਿਸ, ਸਰਕਾਰੀ ਮੁਸਲਿਮ ਅਧਿਕਾਰੀ, ਰਾਸ਼ਟਰੀ ਸੁਰੱਖਿਆ ਅਧਿਕਾਰੀ ਅਤੇ ਕਈ ਮੁਸਲਿਮ ਨੇਤਾ ਮੰਗਲਵਾਰ ਨੂੰ ਹੋਣ ਵਾਲੀ ਇਫਤਾਰ ਦਾਅਵਤ 'ਚ ਸ਼ਾਮਲ ਹੋ ਸਕਦੇ ਹਨ। ਹਾਲਾਂਕਿ ਵ੍ਹਾਈਟ ਹਾਊਸ ਨੇ ਉਨ੍ਹਾਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਹੈ। ਪਿਛਲੇ ਸਾਲਾਂ ਵਿੱਚ ਸਮਾਗਮਾਂ ਵਿੱਚ ਬੁਲਾਏ ਗਏ ਕੁਝ ਲੋਕਾਂ ਨੂੰ ਇਸ ਵਾਰ ਸੱਦਾ ਨਹੀਂ ਦਿੱਤਾ ਗਿਆ ਹੈ, ਜਿਸ ਵਿੱਚ ਡੀਅਰਬੋਰਨ, ਮਿਸ਼ੀਗਨ ਦੇ ਮੇਅਰ ਅਬਦੁੱਲਾ ਹਾਮੂਦ ਵੀ ਸ਼ਾਮਲ ਹਨ। ਪ੍ਰੈਸ ਸਕੱਤਰ ਕੈਰੀਨ ਜੀਨ-ਪੀਅਰੇ ਨੇ ਕਿਹਾ ਕਿ "ਕਮਿਊਨਿਟੀ ਨੇਤਾਵਾਂ ਨੇ ਇੱਕ ਵਰਕਿੰਗ ਗਰੁੱਪ ਮੀਟਿੰਗ ਲਈ ਕਿਹਾ ਸੀ"। ਉਸਨੇ ਮੀਟਿੰਗ ਨੂੰ "ਉਨ੍ਹਾਂ ਤੋਂ ਫੀਡਬੈਕ ਲੈਣ" ਦਾ ਇੱਕ ਮੌਕਾ ਦੱਸਿਆ। ਜਿੱਥੇ ਤੱਕ ਨਿੱਜੀ ਇਫਤਾਰ ਦੀ ਗੱਲ ਹੈ, ਜੀਨ-ਪੀਅਰੇ ਨੇ ਕਿਹਾ, "ਰਾਸ਼ਟਰਪਤੀ ਰਮਜ਼ਾਨ ਦੌਰਾਨ ਮੁਸਲਿਮ ਭਾਈਚਾਰੇ ਦੀ ਮੇਜ਼ਬਾਨੀ ਦੀ ਆਪਣੀ ਪਰੰਪਰਾ ਨੂੰ ਜਾਰੀ ਰੱਖਣ ਜਾ ਰਹੇ ਹਨ।"



# ਬਾਈਡੇਨ ਅਤੇ ਟਰੰਪ ਨੇ ਚਾਰ ਰਾਜਾਂ ਦੀਆਂ ਪ੍ਰਾਇਮਰੀ ਚੋਣਾਂ ਚ ਜਿੱਤ ਕੀਤੀ ਹਾਸਲ


ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਚੋਣ ਪ੍ਰਕਿਰਿਆ ਦੇ ਹਿੱਸੇ ਵਜੋਂ ਰੋਡ ਆਈਲੈਂਡ, ਕਨੈਕਟੀਕਟ, ਨਿਊਯਾਰਕ ਅਤੇ ਵਿਸਕਾਨਸਿਨ ਵਿਚ ਮੰਗਲਵਾਰ ਨੂੰ ਹੋਈਆਂ ਪ੍ਰਾਇਮਰੀ ਚੋਣਾਂ ਵਿਚ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਸਾਨੀ ਨਾਲ ਜਿੱਤ ਹਾਸਲ ਕਰ ਲਈ। ਇਹ ਤੈਅ ਹੋ ਗਿਆ ਹੈ ਕਿ ਰਾਸ਼ਟਰਪਤੀ ਚੋਣਾਂ 'ਚ ਬਾਈਡੇਨ ਡੈਮੋਕ੍ਰੇਟਿਕ ਪਾਰਟੀ ਦੇ ਅਤੇ ਟਰੰਪ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਹੋਣਗੇ ਅਤੇ ਮੰਗਲਵਾਰ ਨੂੰ ਹੋਈਆਂ ਪ੍ਰਾਇਮਰੀ ਚੋਣਾਂ 'ਚ ਉਨ੍ਹਾਂ ਦੀ ਜਿੱਤ ਯਕੀਨੀ ਮੰਨੀ ਜਾ ਰਹੀ ਸੀ। ਬਾਈਡੇਨ ਅਤੇ ਟਰੰਪ ਦੀ ਜਿੱਤ ਦੇ ਨਾਲ ਹੀ ਉਨ੍ਹਾਂ ਨੂੰ ਪ੍ਰਾਪਤ ਹੋਏ ਡੈਲੀਗੇਟਾਂ (ਇਲੈਕਟੋਰਲ ਕਾਲਜ ਦੇ ਮੈਂਬਰ) ਦੀ ਗਿਣਤੀ ਵਧ ਗਈ ਹੈ।





# ਅਮਰੀਕਾ ਨੇ ਹਮਾਸ ਵਿਰੁੱਧ ਜ਼ਮੀਨੀ ਹਮਲੇ ਦੀ ਬਜਾਏ ਹੋਰ ਵਿਕਲਪਾਂ 'ਤੇ ਦਿੱਤਾ ਜ਼ੋਰ

ਚੋਟੀ ਦੇ ਅਮਰੀਕੀ ਅਤੇ ਇਜ਼ਰਾਇਲੀ ਅਧਿਕਾਰੀਆਂ ਵਿਚਾਲੇ ਸੋਮਵਾਰ ਨੂੰ ਡਿਜੀਟਲ ਗੱਲਬਾਤ ਵਿਚ ਅਮਰੀਕਾ ਨੇ ਦੱਖਣੀ ਗਾਜ਼ਾ ਸ਼ਹਿਰ ਰਫਾਹ 'ਚ ਹਮਾਸ ਖਿਲਾਫ ਜ਼ਮੀਨੀ ਹਮਲਿਆਂ ਦੀ ਬਜਾਏ ਹੋਰ ਵਿਕਲਪ ਅਪਣਾਉਣ 'ਤੇ ਜ਼ੋਰ ਦਿੱਤਾ। ਇਜ਼ਰਾਈਲ ਰਫਾਹ 'ਚ ਜ਼ਮੀਨੀ ਹਮਲਾ ਕਰਨ 'ਤੇ ਵਿਚਾਰ ਕਰ ਰਿਹਾ ਹੈ, ਜਿਸ ਦਾ ਅਮਰੀਕਾ ਨੇ ਮਨੁੱਖੀ ਆਧਾਰ 'ਤੇ ਵਿਰੋਧ ਕੀਤਾ ਹੈ, ਜਿਸ ਨਾਲ ਦੋਹਾਂ ਮਿੱਤਰ ਦੇਸ਼ਾਂ ਵਿਚਾਲੇ ਸਬੰਧਾਂ 'ਚ ਖਟਾਸ ਆ ਗਈ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਉਨ੍ਹਾਂ ਦਾ ਪ੍ਰਸ਼ਾਸਨ ਕਈ ਮਹੀਨਿਆਂ ਤੋਂ ਜਨਤਕ ਤੌਰ 'ਤੇ ਅਤੇ ਨਿੱਜੀ ਤੌਰ 'ਤੇ ਇਜ਼ਰਾਈਲ ਨੂੰ ਅਪੀਲ ਕਰ ਰਿਹਾ ਹੈ ਕਿ ਉਹ ਗੈਰ-ਲੜਾਕੂਆਂ ਨੂੰ ਸੁਰੱਖਿਅਤ ਸਥਾਨਾਂ 'ਤੇ ਤਬਦੀਲ ਕਰਨ ਅਤੇ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭਰੋਸੇਯੋਗ ਯੋਜਨਾ ਦੇ ਬਿਨਾਂ ਰਫਾਹ ਵਿੱਚ ਵੱਡੇ ਪੱਧਰ 'ਤੇ ਹਮਲਾ ਨਾ ਕਰੇ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਹਮਾਸ ਦੀਆਂ ਬਾਕੀ ਬਟਾਲੀਅਨਾਂ ਨੂੰ ਨਸ਼ਟ ਕਰਨ ਲਈ ਇਜ਼ਰਾਈਲੀ ਬਲਾਂ ਨੂੰ ਸ਼ਹਿਰ ਵਿੱਚ ਦਾਖਲ ਹੋਣਾ ਚਾਹੀਦਾ ਹੈ। ਹਮਾਸ ਨੇ ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਲਾ ਕੀਤਾ ਸੀ, ਜਿਸ ਤੋਂ ਬਾਅਦ ਇਜ਼ਰਾਈਲੀ ਬਲਾਂ ਨੇ ਕੱਟੜਪੰਥੀ ਸਮੂਹ ਨੂੰ ਖਤਮ ਕਰਨ ਲਈ ਜਵਾਬੀ ਕਾਰਵਾਈ ਕੀਤੀ ਸੀ। ਅਮਰੀਕਾ ਅਤੇ ਇਜ਼ਰਾਈਲ ਵਿਚਾਲੇ ਢਾਈ ਘੰਟੇ ਤੋਂ ਵੱਧ ਸਮੇਂ ਤੱਕ ਚੱਲੀ ਵੀਡੀਓ ਕਾਨਫਰੰਸ ਨੂੰ ਦੋਵਾਂ ਧਿਰਾਂ ਨੇ ਉਸਾਰੂ ਅਤੇ ਲਾਭਦਾਇਕ ਦੱਸਿਆ। ਅਮਰੀਕਾ ਨੇ ਇਜ਼ਰਾਈਲ ਨੂੰ ਸ਼ਹਿਰ 'ਤੇ ਪੂਰਨ ਹਮਲਾ ਕਰਨ ਤੋਂ ਬਚਣ ਲਈ ਉਤਸ਼ਾਹਿਤ ਕੀਤਾ। ਅਮਰੀਕਾ ਨੇ ਇਸ ਦੀ ਬਜਾਏ ਹਮਾਸ ਦੇ ਨੇਤਾਵਾਂ ਨੂੰ ਮਾਰਨ ਜਾਂ ਫੜਨ ਲਈ ਵਧੇਰੇ ਨਿਸ਼ਾਨਾ ਬਣਾ ਕੇ ਕਦਮ ਚੁੱਕਣ 'ਤੇ ਜ਼ੋਰ ਦਿੱਤਾ ਤਾਂ ਜੋ ਆਮ ਨਾਗਰਿਕਾਂ 'ਤੇ ਘੱਟ ਤੋਂ ਘੱਟ ਪ੍ਰਭਾਵ ਪਵੇ।



# ਅਮਰੀਕਾ ਨੇ ਰੂਸ ਨੂੰ ਅੱਤਵਾਦੀ ਹਮਲੇ ਦੀ ਪਹਿਲਾਂ ਹੀ ਦੇ ਦਿੱਤੀ ਸੀ ਚਿਤਾਵਨੀ




ਅਮਰੀਕਾ ਨੇ ਕਥਿਤ ਤੌਰ 'ਤੇ ਰੂਸ ਨੂੰ ਚੇਤਾਵਨੀ ਦਿੱਤੀ ਸੀ ਕਿ ਕ੍ਰੋਕਸ ਸਿਟੀ ਹਾਲ ਅੱਤਵਾਦੀ ਹਮਲੇ ਦਾ ਸੰਭਾਵਿਤ ਨਿਸ਼ਾਨਾ ਹੈ। ਵਾਸ਼ਿੰਗਟਨ ਪੋਸਟ ਨੇ ਬੁੱਧਵਾਰ ਨੂੰ ਇਕ ਅਮਰੀਕੀ ਅਧਿਕਾਰੀ ਦੇ ਹਵਾਲੇ ਨਾਲ ਆਪਣੀ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ। ਰਿਪੋਰਟ ਮੁਤਾਬਕ ਅਮਰੀਕਾ ਨੇ ਕ੍ਰੋਕਸ ਸਿਟੀ ਹਾਲ ਨੂੰ ਸੰਭਾਵੀ ਨਿਸ਼ਾਨੇ ਵਜੋਂ ਪਛਾਣਿਆ ਅਤੇ ਹਮਲੇ ਤੋਂ ਦੋ ਹਫ਼ਤੇ ਪਹਿਲਾਂ ਰੂਸੀ ਪੱਖ ਨੂੰ ਇਸ ਬਾਰੇ ਸੂਚਿਤ ਕੀਤਾ ਸੀ। 22 ਮਾਰਚ ਨੂੰ ਕਈ ਹਥਿਆਰਬੰਦ ਵਿਅਕਤੀ ਰੂਸ ਦੀ ਰਾਜਧਾਨੀ ਮਾਸਕੋ ਦੇ ਬਿਲਕੁਲ ਬਾਹਰ ਇੱਕ ਪ੍ਰਮੁੱਖ ਸੰਗੀਤ ਸਮਾਰੋਹ ਸਥਾਨ, ਕ੍ਰੋਕਸ ਸਿਟੀ ਹਾਲ ਵਿੱਚ ਦਾਖਲ ਹੋਏ ਅਤੇ ਲੋਕਾਂ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ।ਉਨ੍ਹਾਂ ਨੇ ਇੱਕ ਆਡੀਟੋਰੀਅਮ ਨੂੰ ਵੀ ਅੱਗ ਲਗਾ ਦਿੱਤੀ ਜੋ ਇੱਕ ਸੰਗੀਤ ਸਮਾਰੋਹ ਤੋਂ ਪਹਿਲਾਂ ਲੋਕਾਂ ਨਾਲ ਭਰਿਆ ਹੋਇਆ ਸੀ। ਰੂਸ ਦੇ ਐਮਰਜੈਂਸੀ ਮੰਤਰਾਲਾ ਦੇ ਤਾਜ਼ਾ ਅੰਕੜਿਆਂ ਮੁਤਾਬਕ ਇਸ ਹਮਲੇ 'ਚ 144 ਲੋਕ ਮਾਰੇ ਗਏ ਹਨ, ਜਦਕਿ ਕੁੱਲ 695 ਲੋਕ ਜ਼ਖ਼ਮੀ ਹੋਏ ਹਨ। ਮਾਮਲੇ ਦੇ ਚਾਰ ਮੁੱਖ ਸ਼ੱਕੀਆਂ - ਜੋ ਸਾਰੇ ਤਾਜਿਕਸਤਾਨ ਦੇ ਨਾਗਰਿਕ ਹਨ - ਨੇ ਇੱਕ ਕਾਰ ਵਿੱਚ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਉਨ੍ਹਾਂ 'ਤੇ ਅੱਤਵਾਦ ਦਾ ਦੋਸ਼ ਲਗਾਇਆ ਗਿਆ।

# ਉੱਤਰੀ ਕੋਰੀਆ ਨੇ ਹਾਈਪਰਸੋਨਿਕ ਬੈਲਿਸਟਿਕ ਮਿਜ਼ਾਈਲ ਦਾ ਕੀਤਾ ਸਫਲ ਪ੍ਰੀਖਣ



ਉੱਤਰੀ ਕੋਰੀਆ ਨੇ ਦਰਮਿਆਨੀ ਦੂਰੀ ਦੀ ਹਾਈਪਰਸੋਨਿਕ ਬੈਲਿਸਟਿਕ ਮਿਜ਼ਾਈਲ ਦਾ ਸਫਲ ਪ੍ਰੀਖਣ ਕੀਤਾ ਹੈ। ਕੋਰੀਅਨ ਸੈਂਟਰਲ ਨਿਊਜ਼ ਏਜੰਸੀ (ਕੇ.ਸੀ.ਐਨ.ਏ) ਨੇ ਬੁੱਧਵਾਰ ਨੂੰ ਆਪਣੀ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ। ਉੱਤਰੀ ਕੋਰੀਆ ਨੇ ਮੰਗਲਵਾਰ ਨੂੰ ਇੱਕ ਮੱਧ-ਰੇਂਜ ਦੀ ਠੋਸ-ਈਂਧਨ ਬੈਲਿਸਟਿਕ ਮਿਜ਼ਾਈਲ (ਜਿਸ ਨੂੰ ਹਵਾਸੋਂਗਫੋ-16ਬੀ ਕਿਹਾ ਜਾਂਦਾ ਹੈ) ਦਾ ਪ੍ਰੀਖਣ ਕੀਤਾ, ਜੋ ਕਿ ਇੱਕ ਨਵੇਂ ਵਿਕਸਤ ਹਾਈਪਰਸੋਨਿਕ ਅਤੇ ਗਲਾਈਡਿੰਗ ਵਾਰਹੈੱਡ ਨਾਲ ਭਰੀ ਹੋਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਿਜ਼ਾਈਲ ਨੂੰ ਪਿਓਂਗਯਾਂਗ ਦੇ ਬਾਹਰਵਾਰ ਇੱਕ ਫੌਜੀ ਯੂਨਿਟ ਦੇ ਇੱਕ ਸਿਖਲਾਈ ਖੇਤਰ ਤੋਂ ਉੱਤਰ-ਪੂਰਬ ਵਿੱਚ ਦਾਗਿਆ ਗਿਆ ਸੀ। ਕੋਰੀਆਈ ਪ੍ਰਾਇਦੀਪ ਦੇ ਪੂਰਬੀ ਪਾਣੀਆਂ ਵਿੱਚ ਸਹੀ ਢੰਗ ਨਾਲ ਡਿੱਗਣ ਤੋਂ ਪਹਿਲਾਂ ਮਿਜ਼ਾਈਲ ਤੋਂ ਵੱਖ ਹੋਣ ਤੋਂ ਬਾਅਦ ਹਾਈਪਰਸੋਨਿਕ ਗਲਾਈਡਿੰਗ ਵਾਰਹੈੱਡ ਨੇ ਨਿਰਧਾਰਤ ਸਮੇਂ ਅਨੁਸਾਰ ਇੱਕ ਹਜ਼ਾਰ ਕਿਲੋਮੀਟਰ ਲੰਬੀ ਉਡਾਣ ਭਰੀ ਅਤੇ 101.1 ਕਿਲੋਮੀਟਰ ਦੀ ਉਚਾਈ 'ਤੇ ਆਪਣੀ ਪਹਿਲੀ ਚੋਟੀ ਅਤੇ 72.3 ਕਿਲੋਮੀਟਰ ਦੀ ਉਚਾਈ 'ਤੇ ਦੂਜੀ ਚੋਟੀ 'ਤੇ ਪਹੁੰਚ ਗਈ। ਦੱਸਿਆ ਗਿਆ ਹੈ ਕਿ ਇਸ ਟੈਸਟ ਦਾ ਗੁਆਂਢੀ ਦੇਸ਼ਾਂ ਦੀ ਸੁਰੱਖਿਆ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪਿਆ। ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਮਿਜ਼ਾਈਲ ਨੂੰ ਦੇਸ਼ ਦੇ ਰੱਖਿਆ ਵਿਗਿਆਨ ਅਤੇ ਤਕਨਾਲੋਜੀ ਦਾ ਪ੍ਰਦਰਸ਼ਨ ਕਰਨ ਵਾਲਾ ਇਕ ਹੋਰ ਸ਼ਕਤੀਸ਼ਾਲੀ ਰਣਨੀਤਕ ਹਮਲਾਵਰ ਹਥਿਆਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੇਸ਼ ਲਈ ਸਭ ਤੋਂ ਮਹੱਤਵਪੂਰਨ ਕੰਮ ਦੁਸ਼ਮਣਾਂ ਨੂੰ ਰੋਕਣ ਅਤੇ ਕਾਬੂ ਕਰਨ ਦੇ ਸਮਰੱਥ ਅਥਾਹ ਸ਼ਕਤੀ ਵਿਕਸਿਤ ਕਰਨਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਰੱਖਿਆ ਵਿਗਿਆਨ ਖੇਤਰ ਨੂੰ ਆਪਣੀਆਂ ਸਮਰੱਥਾਵਾਂ ਨੂੰ ਲਗਾਤਾਰ ਬਿਹਤਰ ਬਣਾਉਣ ਲਈ ਆਪਣੇ ਯਤਨ ਤੇਜ਼ ਕਰਨੇ ਚਾਹੀਦੇ ਹਨ।

# ਗਾਜ਼ਾ ਹਵਾਈ ਹਮਲੇ ਚ ਆਸਟ੍ਰੇਲੀਆਈ ਨਾਗਰਿਕ ਦੀ ਮੌਤ, ਵਿਦੇਸ਼ ਮੰਤਰੀ ਨੇ ਕੀਤੀ ਨਿੰਦਾ



ਆਸਟ੍ਰੇਲੀਆ ਦੇ ਵਿਦੇਸ਼ ਮੰਤਰੀ ਪੇਨੀ ਵੋਂਗ ਨੇ ਗਾਜ਼ਾ ਵਿਚ ਹਵਾਈ ਹਮਲੇ ਵਿਚ ਇਕ ਆਸਟ੍ਰੇਲੀਆਈ ਨਾਗਰਿਕ ਦੀ ਮੌਤ ਲਈ ਇਜ਼ਰਾਈਲ ਦੀ ਨਿੰਦਾ ਕੀਤੀ ਹੈ। ਮੈਲਬੌਰਨ ਵਿੱਚ ਜਨਮੇ 43 ਸਾਲਾ ਆਸਟ੍ਰੇਲੀਆਈ ਨਾਗਰਿਕ ਲਾਲਜਾਵਮੀ ਜੋਮੀ ਪੰਜ ਸਾਲਾਂ ਤੋਂ ਫਰੈਂਕਕਾਮ ਸਹਾਇਤਾ ਸੰਸਥਾ ਨਾਲ ਕੰਮ ਕਰ ਰਹੇ ਸਨ। ਵੋਂਗ ਨੇ ਮੰਗਲਵਾਰ ਰਾਤ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਕਿਹਾ ਕਿ ਆਸਟ੍ਰੇਲੀਆਈ ਸਰਕਾਰ ਜੋਮੀ ਦੀ ਮੌਤ ਲਈ ਇਜ਼ਰਾਈਲ ਤੋਂ ਪੂਰਨ ਜਵਾਬਦੇਹੀ ਦੀ ਉਮੀਦ ਕਰਦੀ ਹੈ, ਜੋ ਗਾਜ਼ਾ ਵਿਚ ਸਹਾਇਤਾ ਪਹੁੰਚਾਉਣ ਲਈ ਵਰਲਡ ਸੈਂਟਰਲ ਕਿਚਨ ਨਾਲ ਕੰਮ ਕਰਦੇ ਹੋਏ ਸੋਮਵਾਰ ਨੂੰ ਇੱਕ ਹਵਾਈ ਹਮਲੇ ਵਿੱਚ ਮਾਰੇ ਗਏ ਸੀ।ਉਨ੍ਹਾਂ ਨੇ ਕਿਹਾ, ''ਕਿਸੇ ਵੀ ਸਹਾਇਤਾ ਕਰਮਚਾਰੀ ਦੀ ਮੌਤ ਨਿੰਦਣਯੋਗ ਅਤੇ ਅਸਵੀਕਾਰਨਯੋਗ ਹੈ। ਆਸਟ੍ਰੇਲੀਆਈ ਸਰਕਾਰ ਇਸ ਹਮਲੇ ਦੀ ਨਿੰਦਾ ਕਰਦੀ ਹੈ।'' ਉਨ੍ਹਾਂ ਕਿਹਾ ਕਿ ਵਿਦੇਸ਼ ਮੰਤਰਾਲਾ ਜੋਮੀ ਦੇ ਪਰਿਵਾਰ ਨੂੰ ਸਹਾਇਤਾ ਪ੍ਰਦਾਨ ਕਰ ਰਿਹਾ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਕਿਹਾ ਕਿ ਉਨ੍ਹਾਂ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਫੋਨ ਕਰਕੇ ਘਟਨਾ 'ਤੇ ਚਰਚਾ ਕਰਨ ਦੀ ਬੇਨਤੀ ਕੀਤੀ ਸੀ। ਵੋਂਗ ਨੇ ਬੁੱਧਵਾਰ ਸਵੇਰੇ ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਰੇਡੀਓ 'ਤੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਨੇਤਨਯਾਹੂ ਅਲਬਾਨੀਜ਼ ਨਾਲ ਗੱਲ ਕਰਨ ਲਈ ਸਮਾਂ ਦੇਣਗੇ।

# ਸੇਨੇਗਲ 'ਚ ਰਾਸ਼ਟਰਪਤੀ ਅਹੁਦਾ ਸੰਭਾਲਣ ਵਾਲੇ ਅਫਰੀਕਾ ਦੇ ਸਭ ਤੋਂ ਨੌਜਵਾਨ ਆਗੂ ਬਣੇ ਬਾਸੀਰੋ ਡਿਓਮੇਏ ਫੇ

ਸੇਨੇਗਲ ਵਿੱਚ 44 ਸਾਲਾ ਬਾਸੀਰੋ ਡਿਓਮੇਏ ਫੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਵਾਲੇ ਅਫਰੀਕਾ ਦੇ ਸਭ ਤੋਂ ਨੌਜਵਾਨ ਚੁਣੇ ਗਏ ਆਗੂ ਬਣ ਗਏ ਹਨ। ਉਹ ਕੁਝ ਦਿਨ ਪਹਿਲਾਂ ਤੱਕ ਜੇਲ੍ਹ ਵਿੱਚ ਸਨ। ਵਿਰੋਧੀ ਧਿਰ ਦੇ ਨੇਤਾ ਓਸਮਾਨ ਸੋਨਕੋ ਨੂੰ ਦੇਸ਼ ਦਾ ਨਵਾਂ ਪ੍ਰਧਾਨ ਮੰਤਰੀ ਨਾਮਜ਼ਦ ਕੀਤਾ ਗਿਆ ਹੈ। ਦੇਸ਼ ਵਿੱਚ ਪਿਛਲੇ ਮਹੀਨੇ ਚੋਣਾਂ ਹੋਈਆਂ ਸਨ। ਪੱਛਮੀ ਅਫ਼ਰੀਕੀ ਖੇਤਰ ਦੇ ਕਈ ਦੇਸ਼ਾਂ ਵਿਚ ਹਾਲ ਹੀ ਦੇ ਸਾਲਾਂ ਵਿੱਚ ਤਖਤਾ ਪਲਟ ਹੋਏ ਹਨ ਜਾਂ ਤਖਤਾਪਲਟ ਦੀ ਕੋਸ਼ਿਸ਼ ਹੋਈ ਹੈ। ਫੇ ਅਤੇ ਸੋਨਕੋ ਨੂੰ ਵੋਟਾਂ ਤੋਂ ਲਗਭਗ ਦੋ ਹਫ਼ਤੇ ਪਹਿਲਾਂ ਜੇਲ੍ਹ ਤੋਂ ਰਿਹਾ ਕੀਤਾ ਗਿਆ ਸੀ।ਸਾਬਕਾ ਰਾਸ਼ਟਰਪਤੀ ਮੈਕੀ ਸੈਲ ਨੇ ਰਾਜਨੀਤਿਕ ਮਾਫੀ ਦਾ ਐਲਾਨ ਕੀਤਾ ਸੀ, ਜਿਸ ਤੋਂ ਬਾਅਦ ਦੋਵਾਂ ਦੀ ਰਿਹਾਈ ਹੋਈ ਸੀ। ਉਨ੍ਹਾਂ ਦੀ ਗ੍ਰਿਫ਼ਤਾਰੀ ਨਾਲ ਦੇਸ਼ ਭਰ ਵਿੱਚ ਕਈ ਮਹੀਨਿਆਂ ਤੱਕ ਵਿਰੋਧ ਪ੍ਰਦਰਸ਼ਨ ਹੋਏ ਸਨ ਅਤੇ ਇਸ ਗੱਲ ਦੀ ਚਿੰਤਾ ਵੱਧ ਗਈ ਸੀ ਕਿ ਸੈਲ ਤੀਜੇ ਕਾਰਜਕਾਲ ਲਈ ਚੋਣ ਲੜਨਗੇ, ਜਦੋਂਕਿ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਬਣਨ 'ਤੇ ਰੋਕ ਹੈ।



ਅਧਿਕਾਰ ਸਮੂਹਾਂ ਨੇ ਕਿਹਾ ਹੈ ਕਿ ਪ੍ਰਦਰਸ਼ਨਾਂ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਅਤੇ ਲਗਭਗ ਇੱਕ ਹਜ਼ਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹਾਲਾਂਕਿ ਬਾਅਦ ਵਿੱਚ ਸੈਲ ਨੇ ਤੀਜੇ ਕਾਰਜਕਾਲ ਲਈ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਪਰ ਉਨ੍ਹਾਂ ਨੇ ਵੋਟਿੰਗ ਤੋਂ ਇੱਕ ਹਫ਼ਤਾ ਪਹਿਲਾਂ, ਫਰਵਰੀ ਵਿੱਚ ਮਨਮਰਜ਼ੀ ਨਾਲ ਚੋਣਾਂ ਨੂੰ ਮੁਲਤਵੀ ਕਰ ਦਿੱਤਾ। ਇਸ ਕਦਮ ਨੂੰ ਦੇਸ਼ ਦੀ ਸੰਵਿਧਾਨਕ ਅਦਾਲਤ ਨੇ ਰੋਕ ਦਿੱਤਾ। ਹਾਲਾਂਕਿ, ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਭਾਸ਼ਣ ਵਿੱਚ ਫੇ ਨੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਮਾਰੇ ਗਏ ਅਤੇ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਨੂੰ ਯਾਦ ਕੀਤਾ। ਉਨ੍ਹਾਂ ਨੇ ਦੇਸ਼ ਵਿੱਚ ਖੁਸ਼ਹਾਲੀ ਲਿਆਉਣ ਲਈ ਕੰਮ ਕਰਦੇ ਹੋਏ ਸੇਨੇਗਲ ਨੂੰ ਵਧੇਰੇ ਪ੍ਰਭੂਸੱਤਾ ਪ੍ਰਦਾਨ ਕਰਨ ਦਾ ਵਾਅਦਾ ਕੀਤਾ।
ਸੀ।

# ਭੀਸ਼ਮ ਨੇ ਯੁਧਿਸ਼ਠਰ ਨੂੰ 12 ਖਾਸ ਗੱਲਾਂ ਦੱਸੀਆਂ ਸਨ, ਜੋ ਜੀਵਨ ਵਿੱਚ ਲਾਭਦਾਇਕ ਹੋਣਗੀਆਂ।



**ਜਦੋਂ ਦਾਦਾ ਭੀਸ਼ਮ ਤੀਰਾਂ ਦੇ ਬਿਸਤਰੇ 'ਤੇ ਪਏ ਸਨ, ਸ਼੍ਰੀ ਕ੍ਰਿਸ਼ਨ ਨੇ ਯੁਧਿਸ਼ਠਰ ਨੂੰ ਕਿਹਾ: ਭੀਸ਼ਮ ਜੀਵਨ ਅਤੇ ਮੌਤ ਵਿਚਕਾਰ ਲਟਕ ਰਿਹਾ ਹੈ। ਜਾ, ਜੋ ਚਾਹੇ ਉਸ ਤੋਂ ਪੁੱਛ।' ਯੁਧਿਸ਼ਟਰ ਕ੍ਰਿਸ਼ਨ, ਕ੍ਰਿਪਾ ਅਤੇ ਪਾਂਡਵਾਂ ਦੇ ਨਾਲ ਕੁਰੂਕਸ਼ੇਤਰ ਪਹੁੰਚੇ। ਭੀਸ਼ਮ ਦੁਆਰਾ ਮੌਤ ਬਿਸਤਰ 'ਤੇ ਲੇਟ ਕੇ ਦਿੱਤੇ ਗਏ ਕੁਝ ਉਪਦੇਸ਼ ਹੇਠਾਂ ਦਿੱਤੇ ਗਏ ਹਨ:-**

**ਇਸ ਸਮੇਂ ਦੌਰਾਨ ਭੀਸ਼ਮ ਨੇ ਰਾਜਧਰਮ, ਮੋਕਸ਼ਧਰਮ ਅਤੇ ਅਪਧਰਮ ਆਦਿ ਦੀਆਂ ਵੱਡਮੁੱਲੀ ਸਿੱਖਿਆਵਾਂ ਬੜੇ ਵਿਸਥਾਰ ਨਾਲ ਦਿੱਤੀਆਂ। ਇਸ ਉਪਦੇਸ਼ ਨੂੰ ਸੁਣਨ ਨਾਲ ਯੁਧਿਸ਼ਠਰ ਦੇ ਮਨ ਵਿਚੋਂ ਦੋਸ਼ ਅਤੇ ਪਛਤਾਵਾ ਦੂਰ ਹੋ ਜਾਂਦਾ ਹੈ।**

**1. ਮਨ ਨੂੰ ਕਾਬੂ ਵਿਚ ਰੱਖਣਾ।**

**2. ਸ਼ੇਖੀ ਨਹੀਂ ਮਾਰਨੀ।**

**3. ਵਸਤੂਆਂ ਪ੍ਰਤੀ ਵਧਦੀਆਂ ਇੱਛਾਵਾਂ ਨੂੰ ਰੋਕਣ ਲਈ।**

**4. ਕਠੋਰ ਸ਼ਬਦ ਸੁਣ ਕੇ ਵੀ ਹਾਰ ਨਾ ਮੰਨੋ।**

**5. ਸ਼ਾਂਤ ਰਹੋ ਅਤੇ ਕੁੱਟੇ ਜਾਣ 'ਤੇ ਵੀ।**

**6. ਮਹਿਮਾਨਾਂ ਅਤੇ ਬੇਸਹਾਰਾ ਨੂੰ ਪਨਾਹ ਦੇਣ ਲਈ।**

**7. ਦੂਜਿਆਂ ਦੀ ਆਲੋਚਨਾ ਜਾਂ ਸੁਣੋ ਨਾ।**

**8. ਨਿਯਮਿਤ ਤੌਰ 'ਤੇ ਸ਼ਾਸਤਰਾਂ ਨੂੰ ਪੜ੍ਹਨਾ ਅਤੇ ਸੁਣਨਾ।**

**9. ਦਿਨ ਵੇਲੇ ਨਾ ਸੌਂਵੋ।**

**10. ਆਪਣੇ ਆਪ ਦਾ ਆਦਰ ਕਰਨ ਦੀ ਇੱਛਾ ਤੋਂ ਬਿਨਾਂ ਦੂਜਿਆਂ ਨੂੰ ਆਦਰ ਦੇਣਾ।**

**11. ਗੁੱਸੇ ਦੇ ਪ੍ਰਭਾਵ ਹੇਠ ਨਾ ਰਹੋ।**

**12. ਸਿਹਤ ਲਈ ਖਾਣਾ, ਸੁਆਦ ਲਈ ਨਹੀਂ।**

13. ਸਾਰੇ ਧਰਮਾਂ ਵਿੱਚੋਂ ਸੱਚਾ ਧਰਮ ਸਭ ਤੋਂ ਉੱਤਮ ਧਰਮ ਹੈ। 'ਸੱਚ' ਸਨਾਤਨ ਧਰਮ ਹੈ। ਤਪੱਸਿਆ ਅਤੇ ਯੋਗ ਸੱਚ ਤੋਂ ਹੀ ਪੈਦਾ ਹੁੰਦੇ ਹਨ। ਬਾਕੀ ਸਾਰੇ ਧਰਮ ਸੱਚ ਦੇ ਅੰਦਰ ਹੀ ਹਨ। ਸੱਚ ਹੀ ਬ੍ਰਹਮਾ ਹੈ, ਸੱਚ ਹੀ ਤਪੱਸਿਆ ਹੈ, ਸੱਚ ਰਾਹੀਂ ਮਨੁੱਖ ਸਵਰਗ ਨੂੰ ਜਾਂਦਾ ਹੈ। ਝੂਠ ਹਨੇਰੇ ਵਾਂਗ ਹੁੰਦਾ ਹੈ। ਮਨੁੱਖ ਹਨੇਰੇ ਵਿੱਚ ਰਹਿ ਕੇ ਹੇਠਾਂ ਡਿੱਗਦਾ ਹੈ। ਸਵਰਗ ਨੂੰ ਚਾਨਣ ਅਤੇ ਨਰਕ ਨੂੰ ਹਨੇਰਾ ਕਿਹਾ ਜਾਂਦਾ ਹੈ।

14. ਸੱਚ ਬੋਲਣਾ, ਸਾਰੇ ਜੀਵਾਂ ਨੂੰ ਬਰਾਬਰ ਸਮਝਣਾ, ਇੰਦਰੀਆਂ ਨੂੰ ਕਾਬੂ ਕਰਨਾ, ਈਰਖਾ ਤੋਂ ਬਚਣਾ, ਖਿਮਾ, ਨਿਮਰਤਾ, ਸ਼ਰਮ, ਦੂਸਰਿਆਂ ਨੂੰ ਦੁੱਖ ਨਾ ਦੇਣਾ, ਮਾੜੇ ਕੰਮਾਂ ਤੋਂ ਦੂਰ ਰਹਿਣਾ, ਪਰਮਾਤਮਾ ਦੀ ਭਗਤੀ, ਮਨ ਦੀ ਸ਼ੁੱਧਤਾ, ਹਿੰਮਤ, ਗਿਆਨ - ਇਹ ਤੇਰਾਂ। ਸੱਚ ਧਰਮ ਦੇ ਲੱਛਣ ਹਨ। ਵੇਦ ਕੇਵਲ ਸੱਚ ਦਾ ਪ੍ਰਚਾਰ ਕਰਦੇ ਹਨ। ਸੱਚ ਦਾ ਨਤੀਜਾ ਹਜ਼ਾਰਾਂ ਅਸ਼ਵਮੇਧ ਯੱਗਾਂ ਦੇ ਬਰਾਬਰ ਹੈ।

15. ਅਜਿਹੇ ਸ਼ਬਦ ਬੋਲੋ ਜੋ ਦੂਜਿਆਂ ਨੂੰ ਪਿਆਰੇ ਲੱਗਣ। ਦੂਸਰਿਆਂ ਨੂੰ ਗਾਲ੍ਹਾਂ ਕੱਢਣੀਆਂ, ਦੂਸਰਿਆਂ ਦੀ ਨੁਕਤਾਚੀਨੀ ਕਰਨੀ, ਮਾੜੇ ਸ਼ਬਦ ਬੋਲਣੇ, ਇਹ ਸਭ ਛੱਡਣ ਯੋਗ ਹਨ। ਦੂਜਿਆਂ ਦਾ ਅਪਮਾਨ ਕਰਨਾ, ਹੰਕਾਰ ਅਤੇ ਹੰਕਾਰ ਵਿਕਾਰਾਂ ਹਨ।

16. ਇੱਛਾਵਾਂ ਪੂਰੀਆਂ ਕਰਕੇ ਜੋ ਸੁੱਖ ਸਾਨੂੰ ਇਸ ਸੰਸਾਰ ਵਿੱਚ ਮਿਲਦਾ ਹੈ ਅਤੇ ਜੋ ਸੁੱਖ ਸਾਨੂੰ ਪਰਲੋਕ ਵਿੱਚ ਮਿਲਦਾ ਹੈ, ਉਹ ਉਸ ਸੁੱਖ ਦਾ ਸੋਲ੍ਹਵਾਂ ਹਿੱਸਾ ਵੀ ਨਹੀਂ ਹੁੰਦਾ ਜੋ ਅਸੀਂ ਇੱਛਾਵਾਂ ਤੋਂ ਮੁਕਤ ਹੋ ਕੇ ਪ੍ਰਾਪਤ ਕਰਦੇ ਹਾਂ। ਜਦੋਂ ਮਨੁੱਖ ਆਪਣੀਆਂ ਇੱਛਾਵਾਂ ਨੂੰ ਆਪਣੇ ਅੰਦਰ ਖਿੱਚ ਲੈਂਦਾ ਹੈ, ਜਿਵੇਂ ਕੱਛੂ ਆਪਣੇ ਸਾਰੇ ਸਰੀਰ ਦੇ ਅੰਗਾਂ ਨੂੰ ਅੰਦਰ ਖਿੱਚ ਲੈਂਦਾ ਹੈ, ਤਦ ਆਤਮਾ ਦਾ ਪ੍ਰਕਾਸ਼ ਅਤੇ ਮਹੱਤਤਾ ਪ੍ਰਤੱਖ ਹੋ ਜਾਂਦੀ ਹੈ। ਜੋ ਮਨੁੱਖ ਆਪਣੇ ਆਪ ਨੂੰ ਕਾਬੂ ਕਰਨਾ ਚਾਹੁੰਦਾ ਹੈ, ਉਸਨੂੰ ਲਾਲਚ ਅਤੇ ਮੋਹ ਤੋਂ ਮੁਕਤ ਹੋਣਾ ਚਾਹੀਦਾ ਹੈ।

17. ਮੌਤ ਅਤੇ ਅਮਰਤਾ - ਦੋਵੇਂ ਮਨੁੱਖ ਦੇ ਅਧੀਨ ਹਨ। ਮੋਹ ਦਾ ਨਤੀਜਾ ਮੌਤ ਹੈ ਅਤੇ ਸੱਚ ਦਾ ਨਤੀਜਾ ਅਮਰਤਾ ਹੈ। ਬੁਢਾਪੇ ਨੇ ਦੁਨੀਆਂ ਨੂੰ ਹਰ ਪਾਸਿਓਂ ਘੇਰ ਲਿਆ ਹੈ। ਮੌਤ ਉਸ 'ਤੇ ਹਮਲਾ ਕਰ ਰਹੀ ਹੈ। ਦਿਨ ਬੀਤਦਾ ਹੈ, ਰਾਤ ਬੀਤਦੀ ਹੈ। ਤੁਸੀਂ ਕਿਉਂ ਨਹੀਂ ਜਾਗਦੇ? ਅਜੇ ਵੀ ਉੱਠੋ. ਸਮਾਂ ਬਰਬਾਦ ਨਾ ਹੋਣ ਦਿਓ। ਆਪਣੀ ਭਲਾਈ ਲਈ ਕੁਝ ਕਰੋ। ਤੁਹਾਡਾ ਕੰਮ ਅਜੇ ਪੂਰਾ ਨਹੀਂ ਹੋਇਆ ਹੈ, ਮੌਤ ਤੁਹਾਨੂੰ ਖਿੱਚ ਕੇ ਲੈ ਜਾਂਦੀ ਹੈ।

18. ਗਰੀਬੀ ਦੀ ਜ਼ਿੰਦਗੀ ਨੂੰ ਆਪਣੀ ਮਰਜ਼ੀ ਨਾਲ ਸਵੀਕਾਰ ਕਰਨਾ ਖੁਸ਼ੀ ਦਾ ਕਾਰਨ ਹੈ। ਇਹ ਮਨੁੱਖਾਂ ਲਈ ਫਾਇਦੇਮੰਦ ਹੈ। ਇਸ ਦੁਆਰਾ ਮਨੁੱਖ ਮੁਸੀਬਤਾਂ ਤੋਂ ਬਚ ਜਾਂਦਾ ਹੈ। ਇਸ ਮਾਰਗ 'ਤੇ ਚੱਲ ਕੇ ਮਨੁੱਖ ਕਿਸੇ ਨੂੰ ਆਪਣਾ ਦੁਸ਼ਮਣ ਨਹੀਂ ਬਣਾਉਂਦਾ। ਇਹ ਰਸਤਾ ਔਖਾ ਹੈ, ਪਰ ਚੰਗੇ ਲੋਕਾਂ ਲਈ ਆਸਾਨ ਹੈ। ਮੈਂ ਉਸ ਮਨੁੱਖ ਵਰਗਾ ਕੋਈ ਨਹੀਂ ਵੇਖਦਾ ਜਿਸ ਦਾ ਜੀਵਨ ਪਵਿੱਤਰ ਹੈ ਅਤੇ ਜਿਸ ਦੀ ਹੋਰ ਕੋਈ ਜਾਇਦਾਦ ਨਹੀਂ ਹੈ। ਮੈਂ ਪੈਮਾਨੇ ਦੇ ਇੱਕ ਪਾਸੇ ਅਜਿਹੀ ਗਰੀਬੀ ਰੱਖੀ ਹੈ ਅਤੇ ਦੂਜੇ ਪਾਸੇ ਰਾਜ। ਅਸ਼ਲੀਲਤਾ ਦਾ ਭਾਰ ਨਿਕਲਿਆ। ਇੱਕ ਅਮੀਰ ਆਦਮੀ ਹਮੇਸ਼ਾਂ ਡਰਿਆ ਰਹਿੰਦਾ ਹੈ, ਜਿਵੇਂ ਮੌਤ ਨੇ ਉਸਨੂੰ ਆਪਣੇ ਜਬਾੜ੍ਹਿਆਂ ਵਿੱਚ ਜਕੜ ਲਿਆ ਹੈ।

19. ਕੁਰਬਾਨੀ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਕੁਰਬਾਨੀ ਤੋਂ ਬਿਨਾਂ ਅੰਤਮ ਆਦਰਸ਼ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਕੁਰਬਾਨੀ ਤੋਂ ਬਿਨਾਂ ਮਨੁੱਖ ਡਰ ਤੋਂ ਮੁਕਤ ਨਹੀਂ ਹੋ ਸਕਦਾ। ਕੁਰਬਾਨੀ ਦੀ ਬਰਕਤਿ ਨਾਲ ਮਨੁੱਖ ਹਰ ਕਿਸਮ ਦਾ ਸੁਖ ਪ੍ਰਾਪਤ ਕਰ ਲੈਂਦਾ ਹੈ। ਇੱਛਾਵਾਂ ਨੂੰ ਛੱਡਣ ਲਈ; ਉਹਨਾਂ ਨੂੰ ਪੂਰਾ ਕਰਨਾ ਬਿਹਤਰ ਹੈ. ਕਿਸ ਵਿਅਕਤੀ ਨੇ ਅੱਜ ਤੱਕ ਆਪਣੀਆਂ ਸਾਰੀਆਂ ਇੱਛਾਵਾਂ ਪੂਰੀਆਂ ਕੀਤੀਆਂ ਹਨ? ਇਹਨਾਂ ਖਾਹਿਸ਼ਾਂ ਤੋਂ ਬਾਹਰ ਆ ਜਾ। ਭੌਤਿਕ ਵਸਤੂਆਂ ਦਾ ਮੋਹ ਛੱਡ ਦਿਓ। ਸ਼ਾਂਤ ਚਿੱਤ ਰਹੋ।

20. ਉਹ ਮਨੁੱਖ ਖੁਸ਼ ਹੈ, ਜੋ ਆਪਣੇ ਮਨ ਨੂੰ ਸੰਤੁਲਿਤ ਰੱਖਦਾ ਹੈ, ਜੋ ਬੇਲੋੜੀ ਚਿੰਤਾ ਨਹੀਂ ਕਰਦਾ। ਜੋ ਸੱਚ ਬੋਲਦਾ ਹੈ। ਜੋ ਸੰਸਾਰੀ ਪਦਾਰਥਾਂ ਦੇ ਮੋਹ ਵਿਚ ਨਹੀਂ ਫਸਦਾ, ਜੋ ਕੋਈ ਕੰਮ ਕਰਨ ਲਈ ਕੋਈ ਖਾਸ ਜਤਨ ਨਹੀਂ ਕਰਦਾ। ਜੋ ਮਨੁੱਖ ਆਪਣੇ ਆਪ ਨੂੰ ਬੇਲੋੜਾ ਸੰਤੁਸ਼ਟ ਕਰਦਾ ਹੈ, ਉਹ ਆਪਣੀ ਸ਼ਕਲ, ਆਪਣੀ ਦੌਲਤ, ਆਪਣੀ ਜਾਨ ਅਤੇ ਆਪਣੇ ਧਰਮ ਨੂੰ ਤਬਾਹ ਕਰ ਦਿੰਦਾ ਹੈ। ਜੋ ਮਨੁੱਖ ਦੁੱਖ ਤੋਂ ਬਚਦਾ ਹੈ, ਉਹ ਸੁਖ ਅਤੇ ਸਿਹਤ ਦੋਵੇਂ ਪ੍ਰਾਪਤ ਕਰਦਾ ਹੈ। ਦੋ ਤਰ੍ਹਾਂ ਦੇ ਲੋਕਾਂ ਨੂੰ ਸੁਖ ਮਿਲਦਾ ਹੈ। ਜਿਹੜੇ ਸਭ ਤੋਂ ਵੱਧ ਮੂਰਖ ਹਨ, ਦੂਜੇ ਉਹ ਜਿਨ੍ਹਾਂ ਨੇ ਅਕਲ ਦੀ ਰੌਸ਼ਨੀ ਵਿੱਚ ਸਾਰ ਵੇਖ ਲਿਆ ਹੈ। ਜਿਹੜੇ ਅੱਧ ਵਿਚਾਲੇ ਲਟਕ ਰਹੇ ਹਨ, ਉਹ ਦੁਖੀ ਰਹਿੰਦੇ ਹਨ।

21. ਨੇਕ ਅਤੇ ਨੇਕ ਇਨਸਾਨ ਦੀ ਨਿਸ਼ਾਨੀ ਇਹ ਹੈ ਕਿ ਉਹ ਦੂਜਿਆਂ ਨੂੰ ਅਮੀਰ ਦੇਖ ਕੇ ਈਰਖਾ ਨਹੀਂ ਕਰਦਾ। ਉਹ ਵਿਦਵਾਨਾਂ ਦਾ ਸੁਆਗਤ ਕਰਦਾ ਹੈ ਅਤੇ ਹਰ ਥਾਂ ਤੋਂ ਧਰਮ ਸੰਬੰਧੀ ਉਪਦੇਸ਼ ਸੁਣਦਾ ਹੈ। ਜੋ ਮਨੁੱਖ ਆਪਣੇ ਭਵਿੱਖ ਉੱਤੇ ਕਾਬੂ ਰੱਖਦਾ ਹੈ (ਆਪਣਾ ਰਸਤਾ ਆਪ ਨਿਰਧਾਰਿਤ ਕਰਦਾ ਹੈ, ਦੂਸਰਿਆਂ ਦੀ ਕਠਪੁਤਲੀ ਨਹੀਂ ਬਣਦਾ), ਜੋ ਜਲਦੀ ਸੋਚ ਸਕਦਾ ਹੈ ਅਤੇ ਸਮੇਂ ਦੇ ਅਨੁਸਾਰ ਕੰਮ ਕਰ ਸਕਦਾ ਹੈ, ਉਹ ਮਨੁੱਖ ਸੁਖ ਪ੍ਰਾਪਤ ਕਰਦਾ ਹੈ। ਆਲਸ ਮਨੁੱਖ ਨੂੰ ਤਬਾਹ ਕਰ ਦਿੰਦਾ ਹੈ।

22. ਇਕੱਲਾ ਖਾਣਾ ਨਾ ਖਾਓ। ਪੈਸੇ ਕਮਾਉਣ ਦੀ ਸੋਚਦੇ ਹੋ ਤਾਂ ਕਿਸੇ ਨਾਲ ਹੱਥ ਮਿਲਾਓ। ਇਕੱਲੇ ਸਫ਼ਰ ਨਾ ਕਰੋ। ਜਿੱਥੇ ਸਾਰੇ ਸੌਂ ਰਹੇ ਹੋਣ ਉੱਥੇ ਇਕੱਲੇ ਜਾਗਦੇ ਨਾ ਰਹੋ।

23. ਡੈਮ ਵਰਗਾ ਕੋਈ ਧਰਮ ਨਹੀਂ ਸੁਣਿਆ। ਦਮ ਕੀ ਹੈ? ਖਿਮਾ, ਧੀਰਜ, ਦੁਸ਼ਮਣੀ ਦਾ ਤਿਆਗ, ਬਰਾਬਰੀ, ਸੱਚ, ਸਾਦਗੀ, ਇੰਦਰੀਆਂ ਦਾ ਸੰਜਮ, ਕੰਮ ਕਰਨ ਲਈ ਉਤਸੁਕ ਹੋਣਾ, ਕੋਮਲ ਸੁਭਾਅ, ਸ਼ਰਮੀਲਾ, ਮਜ਼ਬੂਤ ਚਰਿੱਤਰ, ਹੱਸਮੁੱਖ ਹੋਣਾ, ਸੰਤੋਖ, ਮਿੱਠੇ ਬੋਲ ਬੋਲਣਾ, ਕਿਸੇ ਨੂੰ ਦੁੱਖ ਨਾ ਦੇਣਾ, ਈਰਖਾ ਨਾ ਕਰਨਾ, ਸਾਰੇ। ਇਹ ਦਮ ਵਿੱਚ ਸ਼ਾਮਲ ਹਨ।